SAINI BHAWAN RUPNAGAR
PUNJAB
ਸਰਬਤ ਦਾ ਭਲਾ
Estb. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

40
April - June 2021

# ਸੈਣੀ ਸੰਸਾਰ
# Saini Sansar

ਬਲਿਹਾਰੀ ਕੁਦਰਤਿ ਵਸਿਆ ।।



## ਅੰਦਰ ਪੜ੍ਹੋ

- ਸੈਣੀ ਭਵਨ ਦੀਆਂ ਸਰਗਰਮੀਆਂ
- ਸੈਣੀ ਸਖ਼ਸ਼ੀਅਤਾਂ
- ਇੱਕ ਅਦੁੱਤੀ ਸਾਕਾ
- ਸ. ਭਗਤ ਸਿੰਘ ਦੀ ਫਾਂਸੀ ਦਾ ਦਿਨ
- ਕਿਸਾਨੀ ਸੰਘਰਸ਼ ਬਾਰੇ ਕਵਿਤਾਵਾਂ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

R.N.I. No. : PUNBIL/2011/48578

Volume - XI, Issue - II

# Saini Sansar

(Quarterly)

April - June 2021

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :

**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 03.04.2021**

# ਸੈਣੀ ਸੰਸਾਰ
(ਤਿਮਾਹੀ)

ਜਿਲਦ 11, ਅੰਕ 2 ਅਪ੍ਰੈਲ - ਜੂਨ 2021

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ
- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਪੰਛੀਆਂ ਦਾ ਅਜਬ ਸੰਸਾਰ

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ - ਕਿਸਾਨੀ ਅੰਦੋਲਨ ਦੀ ਵਿਲੱਖਣਤਾ | 3-4 |
| Financial Assistance to Saini Bhawan | 5 |
| ਸੈਣੀ ਭਵਨ ਦੀਆਂ ਸਰਗਰਮੀਆਂ | 6-9 |
| ਬਰਾਦਰੀ ਦਾ ਹੀਰਾ - ਡਾ. ਗੁਰਿੰਦਰਬੀਰ ਸਿੰਘ | 9 |
| ਖੁਸ਼ਹਾਲ ਜ਼ਿੰਦਗੀ ਜਿਉਣ ਦੀਆਂ ਬਰੀਕੀਆਂ | 10-11 |
| ਕਿਸਾਨ ਸੰਘਰਸ਼ ਨੂੰ ਸਮਰਪਿਤ ਗੀਤ ਅਤੇ ਕਵਿਤਾ | 12 |
| ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ-ਇੱਕ ਅਦੁੱਤੀ ਸਾਕਾ | 13-14 |
| ਸ਼ਾਤੀ ਨੋਬਲ ਪੁਰਸਕਾਰ ਵਿਜੇਤਾ-ਡਾ. ਨੌਰਮਨ ਈ ਬੋਰਲਾਗ | 15-16 |
| ਕਹਾਣੀ - ਇੱਕ ਹੋਰ ਸਦੀ ਦਾ ਅੰਤ | 17-18 |
| ਸਾਡੇ ਨਵੇਂ ਲੋਕ ਨੁਮਾਇੰਦੇ- ਐੱਮ.ਸੀ. | 19 |
| ਸਫ਼ਲ ਸੈਣੀ ਸਖ਼ਸ਼ੀਅਤ - ਡਾ. ਬਰਜਿੰਦਰ ਸਿੰਘ ਹਮਦਰਦ | 20-21 |
| New Life Members of Saini Bhawan | 22 |
| ਕਹਾਣੀ - ਟੱਬ 'ਤੇ ਮਾਲਕੀ ਕਰਦੀ ਐਂ | 23 |
| ਕਿਸਾਨੀ ਸੰਘਰਸ਼ ਨੂੰ ਸਮਰਪਿਤ ਕਵਿਤਾ-ਚੜ੍ਹਦੀ ਕਲਾ | 24 |
| ਰਾਤ ਦਾ ਸ਼ਿਕਾਰੀ ਪੰਛੀ - ਚੁਗਲ | 25 |
| ਸ. ਭਗਤ ਸਿੰਘ ਦੀ ਫਾਂਸੀ ਦੇ ਦਿਨ ਦਾ ਅਲੌਕਿਕ ਦ੍ਰਿਸ਼ | 26-27 |
| ਗਜ਼ਲ | 27 |
| ਕਹਾਣੀ - ਅਸਲ ਧਨਵਾਨ | 28 |
| ਲੇਖ- ਬੋਲੀ ਹੈ ਪੰਜਾਬੀ ਸਾਡੀ | 29-30 |
| ਭਾਰਤ ਦੀ ਧੀ ਬਣੀ ਅਮਰੀਕਾ ਦੀ ਉਪ-ਰਾਸ਼ਟਰਪਤੀ | 31 |
| ਸੈਣੀ ਲਿਖਾਰੀ | 32 |
| ਸ਼ਰਧਾਂਜਲੀਆਂ | 33 |
| Matrimonials | 34-40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : | 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : | 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : | 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : | 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਕਿਸਾਨੀ ਅੰਦੋਲਨ ਦੀ ਵਿਲੱਖਣਤਾ

ਅਜਮੇਰ ਸਿੰਘ (ਡਾ.)
ਰੂਪਨਗਰ

ਭਾਰਤ ਸਰਕਾਰ ਦੁਆਰਾ ਖੇਤੀ ਸੁਧਾਰਾਂ ਲਈ ਬਣਾਏ ਕਾਨੂੰਨਾਂ ਵਿਰੁੱਧ ਕਿਸਾਨ ਪਿਛਲੇ ਸਾਲ ਜੂਨ ਤੋਂ ਅਲੱਗ ਅਲੱਗ ਪੜਾਵਾਂ ਵਿੱਚ ਸੰਘਰਸ਼ ਕਰ ਰਹੇ ਹਨ। ਦਿੱਲੀ ਦੀਆਂ ਬਰੂਹਾਂ 'ਤੇ ਬੈਠਿਆਂ ਨੂੰ ਵੀ ਹੁਣ ਚਾਰ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਪੰਜਾਬ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਹੁਣ ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਰਾਜਿਸਥਾਨ ਦੇ ਨਾਲ ਸਾਰੇ ਦੇਸ਼ ਵਿੱਚ ਫੈਲ ਚੁੱਕਾ ਹੈ। ਇਸ ਅੰਦੋਲਨ ਨੂੰ ਖੇਤੀ ਸਬੰਧੀ ਮੰਗਾਂ ਮੰਨਵਾਉਣ ਵਿੱਚ ਕਦੋਂ ਅਤੇ ਕਿੰਨੀ ਸਫਲਤਾ ਮਿਲੇਗੀ, ਇਸ ਬਾਰੇ ਤਾਂ ਭਾਵੇਂ ਅਜੇ ਨਿਸ਼ਚਿਤ ਰੂਪ ਵਿੱਚ ਕੁੱਝ ਕਿਆਸਿਆ ਨਹੀਂ ਜਾ ਸਕਦਾ ਪਰ ਨਿਰਸੰਦੇਹ ਇਸ ਨੇ ਸਮਾਜ ਦੀ ਮਾਨਸਿਕਤਾ 'ਤੇ ਵਿਲੱਖਣ ਪ੍ਰਭਾਵ ਪਾਇਆ ਹੈ।

ਅੱਜ ਦੇ ਖਪਤਕਾਰੀ ਅਤੇ ਲੋਭਪ੍ਰਸਤ ਸਮੇਂ ਵਿੱਚ ਮਨੁੱਖ ਦੇ ਸੰਘਰਸ਼ ਪ੍ਰਤਿ ਵਿਸ਼ਵਾਸ ਬਹੁਤ ਬੁਰੀ ਤਰ੍ਹਾਂ ਤਿੜਕੇ ਹਨ। ਮਨੁੱਖੀ ਮਨਾਂ ਅੰਦਰ ਇਹ ਧਾਰਨਾ ਬਣ ਗਈ ਹੈ ਕਿ ਜ਼ਿੰਦਗੀ ਸਮਝੌਤਾਵਾਦੀ ਢੰਗ ਨਾਲ ਹੀ ਜੀਵੀ ਜਾ ਸਕਦੀ ਹੈ ਅਤੇ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਮਨੁੱਖ ਆਪਣਾ ਭਲਾ ਸੱਤਾ ਨਾਲ ਸਮਝੌਤਾ ਕਰ ਲੈਣ ਵਿੱਚ ਹੀ ਸਮਝਣ ਲੱਗਾ ਹੈ। ਕਿਸਾਨੀ ਸੰਘਰਸ਼ ਮਨੁੱਖ ਲਈ ਆਸ ਦੀ ਨਵੀਂ ਕਿਰਨ ਲੈ ਕੇ ਆਇਆ ਹੈ। ਇਸ ਅੰਦੋਲਨ ਨੇ ਲੋਕਾਂ ਨੂੰ ਅਹਿਸਾਸ ਕਰਵਾ ਦਿੱਤਾ ਹੈ ਕਿ ਮਨੁੱਖ ਲੰਮੇ ਸਮੇਂ ਤੱਕ ਸੰਘਰਸ਼ ਕਰ ਸਕਦਾ ਹੈ। ਹੁਣ ਕਿਸਾਨਾਂ ਨੂੰ ਇਹ ਮਹਿਸੂਸ ਹੋਣ ਲੱਗਾ ਹੈ ਕਿ ਸਵਾਲ ਕੇਵਲ ਖੇਤੀਬਾੜੀ ਦਾ ਹੀ ਨਹੀਂ, ਬਲਕਿ ਉਨ੍ਹਾਂ ਦੀ ਹੋਂਦ ਅਤੇ ਜੀਵਨ-ਜਾਚ ਨੂੰ ਬਚਾਉਣ ਦਾ ਹੈ। ਕਿਸਾਨਾਂ ਨੇ ਇੱਕ ਚੇਤੰਨ ਤੇ ਜਾਗਰੂਕ ਭਾਈਚਾਰੇ ਵਜੋਂ ਮਹਿਸੂਸ ਕੀਤਾ ਹੈ ਕਿ ਇਨ੍ਹਾਂ ਖੇਤੀ ਕਾਨੂੰਨਾਂ ਨੇ ਉਨ੍ਹਾਂ ਦੇ ਸਵੈਮਾਣ ਨੂੰ ਵੰਗਾਰਿਆ ਹੈ। ਇਸ ਵਿੱਚੋਂ ਹੀ ਇਹ ਸੰਘਰਸ਼ ਪੈਦਾ ਹੋਇਆ ਹੈ। ਹੁਣ ਕਿਸਾਨ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ।

ਇਸ ਅੰਦੋਲਨ ਨੇ ਕਿਸਾਨਾਂ ਨੂੰ ਮਹਿਸੂਸ ਕਰਵਾਇਆ ਹੈ ਕਿ ਵਿਤੀ ਪੱਖੋਂ ਉਨ੍ਹਾਂ ਤੋਂ ਕਿਤੇ ਵੱਧ ਤਾਕਤਵਰ ਕਾਰਪੋਰੇਟ ਘਰਾਣਿਆਂ ਅਤੇ ਮਜ਼ਬੂਤ ਭਾਰਤ ਸਰਕਾਰ ਵਿਰੁੱਧ ਲੜਾਈ ਦੀ ਜਿੱਤ ਲਈ ਸਮਾਜ ਦੇ ਹਰ ਵਰਗ ਦਾ ਸਹਿਯੋਗ ਜ਼ਰੂਰੀ ਹੈ ਜਿਸ ਲਈ ਉਨ੍ਹਾਂ ਦੇ ਹੱਕਾਂ ਲਈ ਬੋਲਣਾ ਲਾਜ਼ਮੀ ਹੈ। ਸੰਘਰਸ਼ ਦੇ ਤਜਰਬੇ ਰਾਹੀਂ ਸਾਂਝੀਵਾਲਤਾ ਦੇ ਇਸ ਜਲੌਅ ਨੇ ਕਿਸਾਨਾਂ ਦੇ ਸੋਚਣ ਢੰਗ ਵਿੱਚ ਤਬਦੀਲੀ ਲਿਆਂਦੀ ਹੈ। ਇਸ ਨਾਲ ਸਮਾਜ ਵਿੱਚ ਵੱਡੀਆਂ ਤਬਦੀਲੀਆਂ ਆਉਣ ਦੀ ਸੰਭਾਵਨਾ ਹੈ। ਔਰਤਾਂ, ਨੌਜਵਾਨਾਂ, ਸਨਅਤੀ ਤੇ ਖੇਤੀ ਕਾਮਿਆਂ ਦੀ ਇਸ ਵਿੱਚ ਸ਼ਮੂਲੀਅਤ ਨੇ ਸੰਘਰਸ਼ ਨੂੰ ਵੇਗ ਅਤੇ ਜੋਸ਼ ਦਿੱਤਾ ਹੈ। ਭਾਰਤ ਦੇ ਇਤਿਹਾਸ ਵਿੱਚ ਕਿਸੇ ਵੀ ਅੰਦੋਲਨ ਵਿੱਚ ਔਰਤਾਂ ਦੀ ਇੰਨੀ ਸ਼ਮੂਲੀਅਤ ਦੇਖਣ ਨੂੰ ਨਹੀਂ ਮਿਲਦੀ ਜਿੰਨੀ ਇਸ ਸੰਘਰਸ਼ ਵਿੱਚ ਨਜ਼ਰ ਆ ਰਹੀ ਹੈ। ਇਸ ਨਾਲ ਪਿੰਡਾਂ ਦੀਆਂ ਘਰੇਲੂ ਔਰਤਾਂ ਨੇ ਵੀ ਸੰਘਰਸ਼ ਦੀ ਅਹਿਮੀਅਤ ਨੂੰ ਪਛਾਣ ਲਿਆ ਹੈ। ਇਸ ਨੇ ਅੰਤਰਰਾਸ਼ਟਰੀ ਪੱਧਰ ਤੱਕ ਹਮਦਰਦੀ ਪ੍ਰਾਪਤ ਕੀਤੀ ਹੈ। ਇਸ ਸਦਕਾ ਹੀ ਪੌਪ ਗਾਇਕਾ ਰਿਆਨਾ, ਵਾਤਾਵਰਨਪ੍ਰੇਮੀ ਗਰੇਟਾ ਥੁਨਬਰਗ, ਕਾਨੂੰਨਸਾਜ਼ ਮੀਨਾ ਹੈਰਿਸ, ਹੌਲੀਵੁੱਡ ਅਦਾਕਾਰਾ ਸੂਜ਼ਨ ਸੇਰੈਂਡਨ, ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਦੀ ਮੁਖੀ ਮਿਸ਼ੈਲ ਬਸ਼ਲੇ ਅਤੇ ਬਰਤਾਨੀਆਂ ਦੀ ਗਰੀਨ ਪਾਰਟੀ ਦੀ ਐਮ.ਪੀ. ਕੈਰੋਲਾਈਨ ਵਰਗੀਆਂ ਆਲਮੀ ਹਸਤੀਆਂ ਨੇ ਇਸ ਅੰਦੋਲਨ ਨੂੰ ਸਮਰਥਨ ਦਿੱਤਾ ਹੈ। ਔਰਤ ਦਿਸ਼ਾ ਰਵੀ ਨੇ ਮਹਿਲਾਵਾਂ ਦੀ ਅਜਿਹੀ ਨਵੀਂ ਪੀੜ੍ਹੀ ਨੂੰ ਉਭਾਰ ਦਿੱਤਾ ਹੈ ਜੋ ਕੇਵਲ ਔਰਤਾਂ ਦੇ ਅਧਿਕਾਰਾਂ ਪ੍ਰਤਿ ਹੀ ਨਹੀਂ ਸਗੋਂ ਇਨ੍ਹਾਂ ਨਾਲ ਜੁੜੇ ਵਡੇਰੇ ਸਮਾਜਿਕ ਮੁੱਦਿਆਂ ਲਈ ਵੀ ਸੁਜੱਗ ਹਨ। ਨੰਦੀਪ ਕੌਰ ਨੇ ਕਿਸਾਨਾਂ ਦੇ ਸੰਘਰਸ਼ ਅਤੇ ਮਜ਼ਦੂਰਾਂ ਵਿਚਕਾਰ ਸਮਾਨਤਾ ਨੂੰ ਪਛਾਣਦਿਆਂ ਉਚੇਰੀ ਰਾਜਨੀਤਿਕ ਚੇਤਨਾ ਦਾ ਇਜ਼ਹਾਰ ਕਰਦੇ ਹੋਏ ਇਸ ਦੇ ਹੱਕ ਵਿੱਚ ਹਜ਼ਾਰਾਂ ਸਨਅਤੀ ਕਾਮਿਆਂ ਦੀ ਰੈਲੀ ਕੀਤੀ। ਪੱਤਰਕਾਰ ਮਨਦੀਪ ਪੂਨੀਆਂ ਨੇ ਹੌਸਲੇ ਅਤੇ ਸੁਹਿਰਦਤਾ ਨਾਲ ਆਪਣੇ ਕਿੱਤੇ ਪ੍ਰਤਿ ਵਫਾਦਾਰੀ ਨਿਭਾ ਕੇ ਮਿਸਾਲ ਪੈਦਾ ਕੀਤੀ ਹੈ।

ਇਸ ਅੰਦੋਲਨ ਨੇ ਨੌਜਵਾਨਾਂ ਨੂੰ ਉਨ੍ਹਾਂ ਨਾਲ ਸਬੰਧਿਤ ਬੇਰੁਜ਼ਗਾਰੀ, ਨਸ਼ਾਪ੍ਰਸਤੀ ਤੇ ਗੈਂਗਸਟਰ ਜਿਹੇ ਮੁੱਦਿਆਂ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਉਨ੍ਹਾਂ ਨੂੰ ਆਪਣੀਆਂ ਸਰਕਾਰਾਂ ਦੇ ਅਸਲ ਖਾਸੇ ਤੋਂ ਜਾਣੂ ਕਰਵਾਇਆ ਹੈ। ਹੁਣ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਅਸਲ ਕਾਰਨ ਸਪਸ਼ਟ ਹੋਣ ਲੱਗੇ ਹਨ। ਇਸ ਨਾਲ ਨੌਜਵਾਨ ਪੀੜ੍ਹੀ ਨੂੰ ਅਸਹਿਮਤ ਲੋਕਾਂ ਨਾਲ ਖੜ੍ਹੇ ਹੋਣ ਅਤੇ ਸਥਾਪਤੀ ਨੂੰ ਵੰਗਾਰਨ ਦਾ ਉਹ ਅਨੁਭਵ ਹਾਸਲ ਹੋਇਆ ਹੈ ਜੋ ਉਨ੍ਹਾਂ ਨੂੰ ਬੜੀ ਦੇਰ ਦਾ ਵਿਸਰਿਆ ਹੋਇਆ ਸੀ। ਪੰਜਾਬੀਆਂ ਬਾਰੇ ਬਣੇ ਬਣਾਏ ਕੌਮੀ ਵਿਚਾਰਾਂ ਦੇ ਉਲਟ ਕਿਸਾਨੀ ਅੰਦੋਲਨ ਨੇ ਉਨ੍ਹਾਂ ਦੇ ਜੁਝਾਰੂਪਣ ਨੂੰ ਇੱਕ ਵਾਰ ਫਿਰ ਕਾਇਮ ਕੀਤਾ ਹੈ। 'ਉੜਤਾ ਪੰਜਾਬ' ਤੋਂ 'ਲੜਤਾ ਪੰਜਾਬ' ਦਾ ਸਫਰ ਇਸ ਅੰਦੋਲਨ ਦੀ ਵਿਸ਼ੇਸ਼ ਪ੍ਰਾਪਤੀ ਹੈ। ਜੇ ਨੌਜਵਾਨਾਂ ਦੀ ਸੋਚ ਨੂੰ ਘੜਨ ਵਾਲੀਆਂ ਫਿਲਮਾਂ, ਸ਼ਾਇਰੀ ਤੇ ਨਾਅਰੇ ਬਦਲੇ ਹਨ ਤਾਂ ਜ਼ਾਹਿਰ ਹੈ ਕਿ ਜਵਾਨ ਮਨਾਂ ਵਿੱਚ ਵੀ ਬਦਲਾਓ ਰਿੜਕਿਆ ਜਾ ਰਿਹਾ ਹੈ।

ਇਸ ਸੰਘਰਸ਼ ਨੇ ਲੇਖਕਾਂ, ਕਲਾਕਾਰਾਂ, ਚਿੰਤਕਾਂ ਅਤੇ ਬੁੱਧੀਜੀਵੀਆਂ ਨੂੰ ਝੰਜੋੜਿਆ ਹੈ। ਉਨ੍ਹਾਂ ਨੂੰ ਸਮਝੌਤਾਵਾਦੀ

ਬਿਰਤੀ ਅਤੇ ਰਾਜਸੀ ਖ਼ੌਫ਼ ਤੋਂ ਮੁਕਤ ਕਰ ਕੇ ਸਰਕਾਰਾਂ ਅਤੇ ਤਾਕਤਵਰ ਕਾਰਪੋਰੇਟ ਘਰਾਣਿਆਂ ਵਿਰੁੱਧ ਬਿਰਤਾਂਤ ਸਿਰਜਣ ਲਈ ਵੰਗਾਰਿਆ ਹੈ। ਉਨ੍ਹਾਂ ਨੂੰ ਅਹਿਸਾਸ ਕਰਵਾਇਆ ਹੈ ਕਿ ਉਨ੍ਹਾਂ ਦੀ ਕਲਾ, ਸੁਹਜ ਦੇ ਨਾਲ ਨਾਲ ਸੰਘਰਸ਼ਸ਼ੀਲ ਰੂਹਾਂ ਦੀ ਖੁਰਾਕ ਬਣ ਸਕਦੀ ਹੈ। ਇਸ ਤਰ੍ਹਾਂ ਇਸ ਅੰਦੋਲਨ ਨੇ ਚਿੰਤਨ ਅਤੇ ਸਿਰਜਣਾ ਨੂੰ ਨਵੇਂ ਦਿਸਹੱਦੇ ਦਿੱਤੇ ਹਨ।

ਇਸ ਸੰਘਰਸ਼ ਨੇ ਸੱਤਾਧਾਰੀ ਪਾਰਟੀ ਦੀ, ਲੋਕ-ਆਤਮਾ ਨੂੰ ਬੰਦੀ ਬਣਾਉਣ ਦੀ ਵਿਚਾਰਧਾਰਾ ਨੂੰ ਵਿਆਪਕ ਚੁਣੌਤੀ ਦਿੱਤੀ ਹੈ। ਲੋਕਾਂ ਨੂੰ ਅਹਿਸਾਸ ਹੋਣ ਲੱਗਾ ਹੈ ਕਿ ਲੋਕਤੰਤਰੀ ਸਮਾਜ ਵਿੱਚ ਕਿਸੇ ਅਤਿ ਦਰਜੇ ਦੀ ਧੱਕੜ ਸਰਕਾਰ ਨੂੰ ਵੀ ਵੰਗਾਰਿਆ ਜਾ ਸਕਦਾ ਹੈ। ਇਹ ਸੱਤਾਧਾਰੀ ਪਾਰਟੀ ਆਪਣੀ ਤੰਗ ਸੋਚਣੀ ਨੂੰ ਕੌਮੀ ਚੇਤਨਾ ਤੇ ਲੋਕ-ਧਰਮ ਵਿੱਚ ਬਦਲਣ ਲਈ ਲਗਾਤਾਰ ਕਾਰਜ ਕਰਦੀ ਆ ਰਹੀ ਹੈ। ਕਿਸਾਨ ਸੰਘਰਸ਼ ਵਿੱਚਲੀ ਚਿੰਤਨ-ਧਾਰਾ ਲੋਕਾਂ ਵਿੱਚ ਏਕਤਾ ਕਾਇਮ ਕਰਨ ਅਤੇ ਵੰਡੀਆਂ ਨੂੰ ਘਟਾਉਣ ਵਾਲੀ ਹੈ ਜੋ ਫਿਰਕੂ ਵਿਚਾਰਧਾਰਾ ਦੇ ਵਜੂਦ ਨੂੰ ਤੋੜਨ ਦੀ ਸਮਰਥਾ ਰਖਦੀ ਹੈ। ਇਸ ਨੇ ਭਾਜਪਾ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਖਿਲਾਫ ਵੱਡੀ ਲੋਕ ਲਹਿਰ ਖੜ੍ਹੀ ਕੀਤੀ ਹੈ ਜਿਸ ਦੇ ਸਿੱਟੇ ਭਵਿੱਖ ਵਿੱਚ ਮੁਲਕ ਦੀ ਸਿਆਸਤ ਲਈ ਬਹੁਤ ਮਹੱਤਵਪੂਰਨ ਸਿੱਧ ਹੋ ਸਕਦੇ ਹਨ। ਇਸ ਨੇ ਗੈਰਸਿਆਸੀ ਰਹਿ ਕੇ ਵੀ ਦੇਸ਼ ਵਿੱਚ ਭਾਜਪਾ ਦੇ ਸਿਆਸੀ ਆਧਾਰ ਨੂੰ ਖੋਰਾ ਲਾਇਆ ਹੈ। ਕਿਸਾਨੀ ਪ੍ਰਭਾਵ ਵਾਲੇ ਵੱਡੇ ਸੂਬਿਆਂ ਵਿੱਚ ਇਸ ਅੰਦੋਲਨ ਦੀ ਹਮਾਇਤ ਵਿੱਚ ਹੋ ਰਹੀਆਂ ਮਹਾਂਪੰਚਾਇਤਾਂ ਅਤੇ ਕਾਨਫਰੰਸਾਂ ਨੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਖੋਟੇ ਸਿੱਕੇ ਬਣਾ ਕੇ ਰੱਖ ਦਿੱਤਾ ਹੈ। ਇਸ ਅੰਦੋਲਨ ਨੇ ਦੇਸ਼ ਦੀਆਂ 500 ਤੋਂ ਵੱਧ ਕਿਸਾਨ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ 'ਤੇ ਲਿਆ ਕੇ ਕਿਸਾਨੀ ਮੰਗਾਂ ਅਤੇ ਹੱਕਾਂ ਲਈ ਲਾਮਬੰਦ ਕਰਕੇ ਰਾਸ਼ਟਰੀ ਪੱਧਰ 'ਤੇ ਮਜ਼ਬੂਤ ਆਧਾਰ ਬਣਾਇਆ ਹੈ।

ਇਸ ਅੰਦੋਲਨ ਨੇ ਸੈਕੜੇ ਅਜਿਹੇ ਲੋਕ-ਪੱਖੀ ਤੇ ਚੇਤੰਨ ਆਗੂ ਪੈਦਾ ਕਰ ਦਿੱਤੇ ਹਨ ਜਿਹੜੇ ਸਰਕਾਰਾਂ ਦੇ ਮੰਤਰੀਆਂ ਅਤੇ ਨੌਕਰਸ਼ਾਹਾਂ ਨੂੰ ਤਰਕ ਤੇ ਬੁੱਧੀ ਨਾਲ ਮੂੰਹਤੋੜ ਜਵਾਬ ਦੇਣ ਦੇ ਸਮਰੱਥ ਹਨ। ਇਸ ਦੌਰਾਨ ਪੈਦਾ ਹੋਈ ਚੇਤਨਤਾ ਭਵਿੱਖ ਦੀ ਕਿਸਾਨ ਨੀਤੀ ਦੇ ਨਾਲ ਨਾਲ ਮੁਲਕ ਦੀ ਸਿਆਸਤ ਦੇ ਨਵੇਂ ਨੈਣ-ਨਕਸ਼ ਘੜਨ ਦੇ ਰਾਹ ਤੁਰ ਪਵੇਗੀ। ਹੁਣ ਤੱਕ ਲੋਕ ਆਪਣੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਸੱਤਾਧਾਰੀ ਪਾਰਟੀ ਖਿਲਾਫ ਹੀ ਬੋਲਣ ਅਤੇ ਅੰਦੋਲਨ ਕਰਨ ਤੱਕ ਸੀਮਤ ਸਨ ਪਰ ਪਹਿਲੀ ਵੇਰ ਆਮ ਲੋਕਾਂ ਨੇ ਪੂੰਜੀਪਤੀ ਘਰਾਣਿਆਂ ਨੂੰ ਆਪਣੇ ਅਸਲ ਦੁਸ਼ਮਣਾਂ ਵਜੋਂ ਪਛਾਣਿਆਂ ਹੈ। ਇਸ ਦੇ ਪ੍ਰਤਿਕਰਮ ਵਜੋਂ ਉਨ੍ਹਾਂ ਦੇ ਉਤਪਾਦਾਂ ਦਾ ਬਾਈਕਾਟ ਅਤੇ ਅਦਾਰਿਆਂ ਦਾ ਘਿਰਾਓ ਕੀਤਾ। ਮੁਲਕ ਦੇ ਲੋਕਾਂ ਨੇ ਹੁਣ ਕੇਂਦਰ ਦੀਆਂ ਨੀਤੀਆਂ ਘੜਨ ਵਾਲੇ ਲੁਟੇਰੇ ਅਤੇ ਅਸਲੋਂ ਲੋਕ ਵਿਰੋਧੀ ਕਾਰਪੋਰੇਟ ਘਰਾਣਿਆਂ ਨੂੰ ਪਛਾਣਿਆਂ ਹੈ। ਇਸ ਨੇ ਕਾਰਪੋਰੇਟ ਆਧਾਰਿਤ ਵਿਕਾਸ ਮਾਡਲ ਨੂੰ ਚੁਣੌਤੀ ਦਿੱਤੀ ਹੈ। ਵਿਸ਼ਵ ਵਿੱਚ ਪਹਿਲਾਂ ਹੀ ਪਰਖੇ ਜਾ ਚੁੱਕੇ ਇਸ ਮਾਡਲ ਨੇ ਆਰਥਿਕ ਅਸਮਾਨਤਾ ਵਧਾਈ ਹੈ ਅਤੇ ਪਿਛੜੇ ਦੇਸ਼ਾਂ ਦੇ ਕਰੋੜਾਂ ਲੋਕਾਂ ਨੂੰ ਭੁੱਖਮਰੀ ਅਤੇ ਬੇਰੁਜ਼ਗਾਰੀ ਵੱਲ ਧੱਕਿਆ ਹੈ। ਕਿਸਾਨ ਅੰਦੋਲਨ ਨੇ ਦੱਸਿਆ ਹੈ ਕਿ ਇਸ ਵੇਲੇ ਮਨੁੱਖਤਾ ਦਾ ਪਹਿਲਾ ਕਾਰਜ ਇਸ ਵਿਕਾਸ ਮਾਡਲ ਤੋਂ ਛੁਟਕਾਰਾ ਪਾਉਣਾ ਹੈ।

ਇਸ ਅੰਦੋਲਨ ਨੇ ਸੱਤਾਧਾਰੀ ਧਿਰ ਅਤੇ ਗੋਦੀ ਮੀਡੀਆ ਵਲੋਂ ਅੰਦੋਲਨਕਾਰੀਆਂ ਉੱਤੇ ਸਮੇਂ ਸਮੇਂ ਲਾਏ ਝੂਠੇ ਤੇ ਗੁਮਰਾਹਕੁਨ ਇਲਜ਼ਾਮਾਂ ਜਿਵੇਂ ਦੇਸ਼-ਧ੍ਰੋਹੀ, ਅਤਿਵਾਦੀ, ਖਾਲਿਸਤਾਨੀ, ਵਿਦੇਸ਼ੀ ਏਜੰਟ ਹੋਣ ਨੂੰ ਅਮਲੀ ਰੂਪ ਵਿੱਚ ਮੁੱਢੋਂ ਖਾਰਜ ਕਰ ਦਿੱਤਾ। ਇਸ ਅੰਦੋਲਨ ਨੂੰ ਫਿਰਕੂ ਅਤੇ ਸੂਬਾ ਪੱਧਰੀ ਸੌੜੇ ਸਿਆਸੀ ਮੁਫਾਦਾਂ ਤਹਿਤ ਪਾੜਨ ਦੀਆਂ ਸਾਜ਼ਿਸ਼ਾਂ ਵੀ ਠੁੱਸ ਹੋ ਗਈਆਂ। 26 ਜਨਵਰੀ ਦੇ ਟ੍ਰੈਕਟਰ ਮਾਰਚ ਸਮੇਂ ਸਰਕਾਰੀ ਸ਼ਹਿ 'ਤੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਵੀ ਕਿਸਾਨਾਂ ਦੀ ਸੂਝਬੂਝ ਅਤੇ ਏਕੇ ਕਾਰਨ ਕਾਮਯਾਬ ਨਹੀਂ ਹੋ ਸਕੀਆਂ।

ਕਿਸਾਨ ਮੋਰਚੇ ਦੇ ਸੰਘਰਸ਼ ਨੇ ਮਨੁੱਖੀ ਹੱਕਾਂ ਦੀ ਪਹੁੰਚ ਅਤੇ ਭਾਵਨਾ ਨੂੰ ਮਜ਼ਬੂਤ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਵੱਖ ਵੱਖ ਧਰਮਾਂ, ਜਾਤਾਂ ਅਤੇ ਜਮਾਤਾਂ ਵਿੱਚ ਭਾਈਚਾਰਕ ਸਾਂਝ ਵਧਾਈ ਹੈ। ਸਰਕਾਰ ਵਲੋਂ ਅੰਦੋਲਨਕਾਰੀਆਂ 'ਤੇ ਪੁਲਿਸ ਲਾਠੀਚਾਰਜ ਕਰਵਾਉਣ, ਝੂਠੇ ਕੇਸ ਦਰਜ ਕਰਨ, ਲੋਕਾਂ ਨੂੰ ਕਿਸਾਨਾਂ ਵਿਰੁੱਧ ਭੜਕਾਉਣ, ਜਬਰਦਸਤੀ ਥਾਂ ਖਾਲੀ ਕਰਵਾਉਣ, ਧਰਨੇ ਦੀ ਥਾਂ 'ਤੇ ਪੱਕੇ ਬੈਰੀਅਰ ਬਣਾਉਣ, ਪਖਾਨੇ ਤੋੜਨ, ਬਿਜਲੀ-ਪਾਣੀ ਤੇ ਇੰਟਰਨੈਟ ਸੁਵਿਧਾ ਬੰਦ ਕਰਨ ਜਿਹੀਆਂ ਗੈਰਜਮਹੂਰੀ ਕਾਰਵਾਈਆਂ ਅਤੇ ਅਤਿ ਦੇ ਠੰਢੇ ਮੌਸਮ ਦੇ ਬਾਵਜੂਦ ਕਿਸਾਨੀ ਆਗੂਆਂ ਨੇ ਅੰਦੋਲਨ ਨੂੰ ਸ਼ਾਂਤੀਮਈ ਰੱਖ ਕੇ ਦੁਨੀਆਂ ਵਿੱਚ ਅਦੁੱਤੀ ਮਿਸਾਲ ਕਾਇਮ ਕੀਤੀ ਹੈ। ਇਸ ਦੇ ਮਾਨਵਵਾਦੀ ਸਰੂਪ ਨੇ ਔਰਤਾਂ ਤੇ ਮਰਦਾਂ ਦੇ ਰਿਸ਼ਤਿਆਂ ਵਿੱਚ ਤਬਦੀਲੀ ਦੀ ਆਸ ਪੈਦਾ ਕੀਤੀ ਹੈ।

ਇਸ ਅੰਦੋਲਨ ਦੀ ਟੇਕ ਕਿਸਾਨ ਜਥੇਬੰਦੀਆਂ ਦੀ ਹਿੰਮਤ, ਜੇਰੇ, ਉਤਸ਼ਾਹ, ਸਬਰ ਅਤੇ ਸੰਜਮ 'ਤੇ ਹੈ। ਇਨ੍ਹਾਂ ਜਜ਼ਬਿਆਂ ਨੇ ਹੀ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ ਹੈ ਅਤੇ ਇਨ੍ਹਾਂ ਨੇ ਹੀ ਇਸ ਨੂੰ ਸਫਲਤਾ ਦਿਵਾਉਣੀ ਹੈ। ਸਾਰੀ ਦੁਨੀਆਂ ਦਾ ਧਿਆਨ ਇਸ ਅੰਦੋਲਨ 'ਤੇ ਕੇਂਦਰਿਤ ਹੈ ਕਿਉਂਕਿ ਦੁਨੀਆਂ ਭਰ ਵਿੱਚ ਇਹ ਇਕੱਲਾ ਅੰਦੋਲਨ ਹੈ ਜਿਸ ਨੇ ਕੋਵਿਡ-19 ਬਿਮਾਰੀ ਦੀ ਆੜ ਹੇਠ ਸਰਕਾਰਾਂ ਵਲੋਂ ਲਏ ਜਾ ਰਹੇ ਲੋਕ-ਵਿਰੋਧੀ ਫੈਸਲਿਆਂ ਵਿਰੁੱਧ ਏਨੀ ਵੱਡੀ ਪੱਧਰ 'ਤੇ ਆਢਾ ਲਾਇਆ ਹੈ। ਇਸ ਅੰਦੋਲਨ ਦਾ ਸ਼ਾਂਤਮਈ

ਖ਼ਾਸਾ, ਸੰਜਮ, ਸਿਦਕ ਅਤੇ ਸਿਰੜ ਮਿਸਾਲੀ ਹੋ ਨਿੱਬੜੇ ਹਨ। ਇਸ ਵਿਚਲੇ ਜ਼ਬਤ ਤੇ ਵੇਗ ਨੇ ਮਾਨਵਤਾ ਦੀ ਉਹ ਮਸ਼ਾਲ ਬਾਲੀ ਹੈ ਜਿਸ ਦੀ ਲੋਅ ਸਾਰੀ ਦੁਨੀਆਂ ਵਿੱਚ ਫੈਲ ਰਹੀ ਹੈ। ਇਹ ਅੰਦੋਲਨ ਹਨੇਰੇ ਸਮਿਆਂ ਵਿੱਚ ਚਾਨਣ ਦਾ ਸਰੋਤ ਬਣ ਕੇ ਉੱਭਰਿਆ ਹੈ ਜਿਸ ਨੇ ਲੋਕਾਂ ਦੇ ਮਨਾਂ ਵਿੱਚ ਮਾਨਵਤਾ ਪ੍ਰਤਿ ਆਸਵੰਦ ਹੋਣ ਦੇ ਦੀਵੇ ਜਗਾਏ ਹਨ। ਇਸ ਅੰਦੋਲਨ ਦਾ ਬੀਜ ਸਾਂਝੀਵਾਲਤਾ'ਚੋਂ ਉਗਮਿਆਂ ਹੈ ਅਤੇ ਇਸ ਨੇ ਮੁਨਾਸਿਬ ਸਮਿਆਂ 'ਚ ਜਨਮ ਲਿਆ ਹੈ। ਇਸ ਦੇ ਮਹਾਂਬਿਰਖ ਨੂੰ ਫਲ ਪੈਣੇ ਹਨ, ਲੋੜ ਹੈ ਅੰਦੋਲਨ ਚਲਾਈ ਰੱਖਣ ਲਈ ਧੀਰਜ ਤੇ ਸ਼ਾਂਤੀ ਦੀ। ਇਸ ਅੰਦੋਲਨ ਦੇ ਅਨੁਭਵ, ਸਮਾਜ ਦੇ ਸਮੂਹਕ ਅਵਚੇਤਨ ਦਾ ਹਿੱਸਾ ਬਣ ਕੇ ਭਵਿੱਖ ਦੀਆਂ ਸਮਾਜਿਕ ਹਰਕਤਾਂ ਨੂੰ ਪ੍ਰਭਾਵਿਤ ਕਰਦੇ ਰਹਿਣਗੇ। ਇਸ ਪੱਖ ਤੋਂ ਮੌਜੂਦਾ ਕਿਸਾਨੀ ਅੰਦੋਲਨ ਨੇ ਕਈ ਨਿਵੇਕਲੀਆਂ ਪਿਰਤਾਂ ਪਾਈਆਂ ਹਨ ।

ਗੀਤ ਤੇਰੇ ਮੁਖ਼ਬਰੀ ਕਰ ਦੇਣਗੇ,
ਤੇਰੀ ਹਿੱਕ ਵਿੱਚ ਰੌਸ਼ਨੀ ਦਾ ਰਾਜ਼ ਹੈ।
ਉਹ ਕਿ ਜਿਸ ਦੀ ਜਾਨ ਹੀ ਨ੍ਹੇਰੇ 'ਚ ਹੈ,
ਉਸ ਨੂੰ ਸਾਡੇ ਜਾਗਣ 'ਤੇ ਇਤਰਾਜ਼ ਹੈ।

–ਸੁਰਜੀਤ ਪਾਤਰ

❋ ❋ ❋ ❋ ❋ ❋

• ਵਰਲਡਵਾਈਡ ਫੰਡ ਆਫ ਨੇਚਰ ਅਤੇ ਜੁਆਲੋਜੀਕਲ ਸੁਸਾਇਟੀ ਆਫ ਲੰਡਨ ਦੀ ਰਿਪੋਰਟ ' ਲਿਵਿੰਗ ਪਲੈਨਟ' 10 ਸਤੰਬਰ,2020 ਅਨੁਸਾਰ– 1970 ਤੋਂ 2016 ਦੌਰਾਨ ਜੰਗਲੀ ਜੀਵ–ਜੰਤੂਆਂ ਜਿਨ੍ਹਾਂ ਵਿੱਚ ਪੰਛੀ, ਜਲ ਅਤੇ ਥਲ ਵਿੱਚ ਰਹਿਣ ਵਾਲੇ , ਧਰਤੀ 'ਤੇ ਰੀਂਘਣ ਵਾਲੇ, ਦੁੱਧ ਪਿਆਉਣ ਵਾਲੇ, ਹਰ ਤਰ੍ਹਾਂ ਦੇ ਜਲ–ਸਰੋਤਾਂ–ਨਦੀਆਂ, ਦਰਿਆਵਾਂ, ਝੀਲਾਂ, ਸਮੁੰਦਰਾਂ, ਅਦਿ ਵਿੱਚ ਰਹਿਣ ਵਾਲੇ ਜੀਵ ਸ਼ਾਮਿਲ ਹਨ, ਦੀ ਦੁਨੀਆਂ ਭਰ ਵਿੱਚ ਔਸਤਨ ਆਬਾਦੀ 68% ਘਟ ਗਈ ਹੈ। ਭਾਵ ਕਿ ਜੀਵ–ਜੰਤੂਆਂ ਦੀ ਆਬਾਦੀ 1970 ਦੇ ਮੁਕਾਬਲੇ 2016 ਵਿੱਚ 32% ਰਹਿ ਗਈ ਹੈ। ਇਸ ਤੋਂ ਇਲਾਵਾ ਤਾਜੇ ਪਾਣੀਆਂ ਵਿੱਚ ਰਹਿਣ ਵਾਲੇ ਜੀਵ–ਜੰਤੂਆਂ ਦੀਆਂ ਲੱਗਭੱਗ 84% ਪ੍ਰਜਾਤੀਆਂ ਦੁਨੀਆਂ ਤੋਂ ਅਲੋਪ ਹੋ ਚੁੱਕੀਆਂ ਹਨ। ਇਸ ਹੈਰਾਨੀਜਨਕ ਵਰਤਾਰੇ ਦਾ ਕਾਰਨ ਹੈ ਮਨੁੱਖ ਦੁਆਰਾ ਆਰਥਿਕ ਵਿਕਾਸ ਅਤੇ ਅਸੀਮ ਸੁੱਖ–ਸੁਵਿਧਾਵਾਂ ਵਧਾਉਣ ਲਈ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ।

• ਸਾਲ 2020 ਦੀ ਜ਼ਮੀਨ ਬਾਰੇ ਰਿਪੋਰਟ ਮੁਤਾਬਕ ਬਿੱਲ ਗੇਟਸ ਅਤੇ ਉਨ੍ਹਾਂ ਦੀ ਪਤਨੀ ਮੈਲਿੰਡਾ ਗੇਟਸ 2.42 ਲੱਖ ਏਕੜ ਦੀ ਮਾਲਕੀ ਨਾਲ ਅਮਰੀਕਾ ਦੇ ਸਭ ਤੋਂ ਵੱਡੇ ਜ਼ਿੰਮੀਦਾਰ ਬਣ ਗਏ ਹਨ। ਦੂਜੇ ਸਥਾਨ 'ਤੇ ਔਫ਼ਫੁੱਟ ਪਰਿਵਾਰ ਹੈ ਜਿਸ ਪਾਸ 1.90 ਏਕੜ ਜ਼ਮੀਨ ਹੈ। ਇਹ ਕਾਰਪੋਰੇਟ ਵਿਕਾਸ ਮਾਡਲ ਦੇ ਸਿੱਟੇ ਹਨ ਜੋ ਭਾਰਤੀ ਕਿਸਾਨਾਂ 'ਤੇ ਠੋਸਿਆ ਜਾ ਰਿਹਾ ਹੈ।

## Financial Assistance

During the proceeding three months ( January-March, 2021) , following persons have given donation to Saini Bhawan for various purposes.

**A. To Kaka Ram saini Charitable Trust for Welfare Activities**-

1. S. Satwinder Singh Saini, Chief Engineer PSPCL- Rs. 10000/
2. Trust for the Welfare of Vanjara And Weaker sections, Mohali- Rs. 10000/
3. S.Tekpal Singh S/o Late Lamberdar Pritam Singh, Trustee, Faridabad- Rs. 10000/
4. S. Harvinder Singh Gahunian, Brompton- Rs. 5244/
5. Distt. Police Sanjh Kendra, Ropar-Rs. 1500
6. Innerwheel Club Rupnagar - Rs. 1100/-
7. S. Davinder Singh S/o Late S. Gurdial Singh, Jujhar Singh Nagar, Rs. 1100/-
8. Rupinder Kaur d/o s. Harnek Singh, Kotla Nihang- Rs. 1100/
9. Smt. Perminder Kaur w/o S. Tarlochan Singh, Rupnagar- Rs. 1100/
10. S. Pritpal Singh X- manager Saini Bhawan Rupnagar- Rs. 1100/
11. Smt. Bhagwant Kaur Rtd. Lecturer, Rupnagar- Rs. 500/
12. Smt. Harinder Saini w/o Late Varinder Chaudhary, Rupnagar- Rs. 400/

**B. To Saini Charitable Education Trust for Scholarships-**

1. Dr. Sowaran Singh Saini, Piara Singh colony, Rupnagar- Rs.2,50000/
2. S. Baldev Singh Mundra, Mumbai- Rs.2,03000/
3. S. Tekpal Singh S/o Late Lamberdar Pritam Singh, Trustee, Faridabad- Rs. 30000/
4. S. Sukhpal Singh S/o S. Inderjit Singh, Khanpur- Rs. 2000/
5. Sq. Leader Manjit Singh, Mohali- Rs. 1000/

The Administrators of Saini Bhawan are Thankful to these Philanthropists.

ਜਨਵਰੀ - ਮਾਰਚ 2021 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



## ਸੈਣੀ ਭਵਨ ਦੇ ਪ੍ਰਬੰਧਕਾਂ ਦੀ ਨਵੇਂ ਵਰ੍ਹੇ 'ਤੇ ਪਰਿਵਾਰਕ ਮਿਲਣੀ:-

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ ਨਵੇਂ ਵਰ੍ਹੇ ਦੇ ਆਰੰਭ 'ਤੇ 2 ਜਨਵਰੀ 2021 ਨੂੰ ਰੂਪਨਗਰ-ਨੰਗਲ ਰੋਡ 'ਤੇ ਸਥਿਤ 'ਹੋਟਲ ਵਿਰਸਾ' ਵਿਖੇ ਪਰਿਵਾਰਕ ਮਿਲਣੀ ਕਰਕੇ ਸਮਾਜ ਸੇਵਾ ਦੇ ਕੰਮਾਂ ਨੂੰ ਹੋਰ ਵਧੇਰੇ ਲਗਨ ਤੇ ਸਮਰਪਿਤ ਭਾਵਨਾ ਨਾਲ ਕੰਮ ਕਰਨ ਦਾ ਆਪਣਾ ਦ੍ਰਿੜ ਨਿਸਚਾ ਦੁਹਰਾਇਆ। ਮੈਂਬਰਾਂ ਨੇ ਇਸ ਮੌਕੇ ਬੀਤੇ ਸਾਲ 2020 'ਚ ਕਰੋਨਾ ਦੇ ਕਠਿਨ ਦੌਰ ਬਾਰੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਅਤੇ ਇਸ ਦੌਰਾਨ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਮਿਲੇ ਸੰਦੇਸ਼ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਕੇ ਉਸਾਰੂ ਸੋਚ ਨਾਲ ਸਮਾਜ ਸੇਵਾ 'ਚ ਅੱਗੇ ਵਧਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ, ਸਕੱਤਰ ਬਲਬੀਰ ਸਿੰਘ ਸੈਣੀ, ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਰਾਜਿੰਦਰ ਸੈਣੀ, ਦੇਵਿੰਦਰ ਸਿੰਘ ਜਟਾਣਾ, ਡਾ. ਜਸਵੰਤ ਕੌਰ ਸੈਣੀ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਬਹਾਦਰਜੀਤ ਸਿੰਘ, ਇੰਜ. ਹਰਜੀਤ ਸਿੰਘ ਸੈਣੀ, ਸੁਰਿੰਦਰ ਸਿੰਘ ਨੇ ਨਵੇਂ ਸਾਲ ਦੀ ਵਧਾਈ ਸਾਂਝੀ ਕਰਦੇ ਹੋਏ ਸਮਾਜ ਸੇਵਾ ਦੇ ਕੰਮਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ ਅਤੇ ਕਿਸਾਨਾਂ ਦੇ ਅੰਦੋਲਨ ਦੀ ਹਮਾਇਤ ਕੀਤੀ। ਇਸ ਮੌਕੇ ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਜਗਦੇਵ ਸਿੰਘ, ਹਰਦੀਪ ਸਿੰਘ ਅਤੇ ਪਰਿਵਾਰਕ ਮੈਂਬਰ ਹਾਜ਼ਰ ਸਨ। ਇਸ ਮੌਕੇ ਸਭ ਨੇ ਮਿਲਕੇ ਖਾਣੇ ਦਾ ਆਨੰਦ ਮਾਣਿਆ।

## ਨਵੇਂ ਸਾਲ 2021 ਦੀ ਆਮਦ 'ਤੇ 15ਵੇਂ ਖ਼ੂਨਦਾਨ ਕੈਂਪ ਦਾ ਆਯੋਜਨ:-

ਸਮਾਜ ਸੇਵੀ ਸੰਸਥਾ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 3 ਜਨਵਰੀ 2021 ਨੂੰ ਸੈਣੀ ਭਵਨ ਵਿਖੇ ਨਵੇਂ ਸਾਲ ਦੀ ਆਮਦ 'ਤੇ 15ਵਾਂ ਖ਼ੂਨਦਾਨ ਕੈਂਪ ਲਗਾਇਆ। ਲਾਇਫ ਲਾਈਨ ਬਲੱਡ ਡੋਨਰ ਸੁਸਾਇਟੀ ਰੂਪਨਗਰ, ਇੰਨਰਵੀਲ ਕਲੱਬ ਰੂਪਨਗਰ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੂਪਨਗਰ, ਰਜਨੀ ਹਰਬਲ ਮਲਿਕਪੁਰ ਅਤੇ ਗੁਰੂਨਾਨਕ ਕਰਿਆਨਾ ਸਟੋਰ ਪਪਰਾਲਾ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਦਾ ਉਦਘਾਟਨ ਰੂਪਨਗਰ ਦੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਸੋਨਾਲੀ ਗਿਰੀ ਨੇ ਕੀਤਾ। ਕੈਂਪ ਦੌਰਾਨ ਰੋਟਰੀ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ, ਚੰਡੀਗੜ੍ਹ ਦੀ ਟੀਮ ਨੇ ਖ਼ੂਨਦਾਨ ਕਰਨ ਆਏ 72 ਖ਼ੂਨਦਾਨੀਆਂ ਵਿੱਚੋ ਯੋਗ ਪਾਏ 57 ਵਿਅਕਤੀਆਂ ਨੇ ਖ਼ੂਨਦਾਨ ਕੀਤਾ। ਕੈਂਪ 'ਚ ਨੰਗਲ ਤੋਂ ਬਲੱਡ ਡੋਨਰ ਤਰਸੇਮ ਸੈਣੀ ਨੇ 105ਵੀਂ ਵਾਰ, ਮੈਡਮ ਡੋਲੀ ਨੇ 40ਵੀਂ ਵਾਰ, ਸੁਖਪਾਲ ਦੁਗਲ ਨੇ 57ਵੀਂ ਵਾਰ, ਸਰਬਜੀਤ ਸਿੰਘ ਨੇ 50ਵੀ ਵਾਰ, ਰੁਪਿਦਰ ਸਿੰਘ ਉਬਰਾਏ ਨੇ 42 ਵੀਂ ਵਾਰ, ਜਗਦੇਵ ਸਿੰਘ ਨੇ 34ਵੀਂ ਵਾਰ, ਅਮਿਤ ਸੈਣੀ ਤੇ ਦੀਪਕ ਵੋਹਰਾ ਨੇ 21ਵੀਂ ਵਾਰ, ਐਡਵੋਕੇਟ ਦੀਪਨਜੋਤ ਨੇ 20ਵੀਂ ਵਾਰ, ਚਰਨਦੀਪ ਚੈਰੀ ਨੇ 19ਵੀ ਵਾਰ, ਯੂਥ ਕਾਂਗਰਸ ਆਗੂ ਗੁਰਜੰਟ ਸਿੰਘ ਨੇ 12ਵੀ ਵਾਰ ਖ਼ੂਨਦਾਨ ਕੀਤਾ। ਇਸ ਮੌਕੇ ਤੇ ਬੋਲਦਿਆ ਡਿਪਟੀ ਕਮਿਸ਼ਨਰ ਸੋਨਾਲੀ ਗਿਰੀ ਨੇ ਜ਼ਿਲ੍ਹੇ 'ਚ ਬਲੱਡ ਡੋਨਰਾਂ ਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਕੋਰੋਨਾ ਮਹਾਂਮਾਰੀ ਦੌਰਾਨ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਅਜਿਹੇ ਨੇਕ ਕਾਰਜ ਕਰਨ ਦੀ ਵਧਾਈ ਦਿੱਤੀ। ਡਿਪਟੀ ਕਮਿਸ਼ਨਰ ਦਾ ਸਵਾਗਤ ਕਰਦਿਆ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਸੰਸਥਾ ਦੀਆਂ ਗਤੀਵਿਧਿਆ ਤੋਂ ਜਾਣੂ ਕਰਵਾਇਆ। ਉਨ੍ਹਾਂ ਕੈਂਪ ਨੂੰ ਸਫਲ ਬਣਾਉਣ ਲਈ ਬਲੱਡ ਡੋਨਰਜ਼ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਸਥਾਂ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਬਲਬੀਰ ਸਿੰਘ, ਗੁਰਮੁੱਖ ਸਿੰਘ ਸੈਣੀ, ਇੰਜ. ਹਰਜੀਤ ਸਿੰਘ ਸੈਣੀ, ਡਾ. ਜਸਵੰਤ ਕੌਰ ਸੈਣੀ, ਦੇਵਿੰਦਰ ਸਿੰਘ ਜਟਾਣਾ, ਗੁਰਮੁੱਖ ਸਿੰਘ ਲੋਂਗੀਆ, ਅਮਰਜੀਤ ਸਿੰਘ, ਬਹਾਦਰਜੀਤ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਸੁਰਿੰਦਰ ਸਿੰਘ, ਜਗਦੇਵ ਸਿੰਘ ਤੋਂ ਇਲਾਵਾ ਸਾਬਕਾ ਐਮ ਸੀ ਕੁਲਵੰਤ ਸਿੰਘ, ਕਮਲਜੀਤ ਸਿੰਘ ਬਾਬਾ, ਦਲਜੀਤ ਸਿੰਘ, ਪ੍ਰਦਮਣ ਸਿੰਘ, ਤਰਲੋਚਨ ਸਿੰਘ, ਵਿਜੇ ਲਛਮੀ, ਮਾਸਟਰ ਹਰਦੇਵ ਸਿੰਘ, ਦਰਸ਼ਨ ਸਿੰਘ ਕੋਚ, ਇੰਨਰਵੀਲ੍ਹ ਕਲੱਬ ਦੇ ਪ੍ਰਧਾਨ ਆਸਿਮਾ ਅਗਰਵਾਲ ਤੇ ਕਲੱਬ ਮੈਂਬਰਜ਼ ਹਾਜ਼ਰ ਸਨ।

## ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ" ਦੇ 39ਵੇਂ ਅੰਕ ਦਾ ਲੋਕਅਰਪਣ:-

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਪ੍ਰਕਾਸ਼ਿਤ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ" ਦਾ 39ਵਾਂ ਅੰਕ ਸੈਣੀ ਭਵਨ ਵਿਖੇ 3 ਜਨਵਰੀ, 2021 ਨੂੰ ਆਯੋਜਿਤ ਇੱਕ ਸਮਾਗਮ ਦੌਰਾਨ ਲੋਕਅਰਪਣ ਕੀਤਾ ਗਿਆ। ਇਸ ਨੂੰ ਲੋਕਅਰਪਣ ਕਰਨ ਦੀ ਰਸਮ ਸਾਂਝੇ ਤੌਰ ਤੇ ਡਿਪਟੀ ਕਮਿਸ਼ਨਰ ਸੋਨਾਲੀ ਗਿਰੀ ਅਤੇ ਪੀ.ਐਸ.ਪੀ.ਸੀ.ਐਲ ਦੇ ਚੀਫ ਇੰਜਨੀਅਰ ਸ. ਸਤਵਿੰਦਰ ਸਿੰਘ ਸੈਣੀ ਨੇ ਅਦਾ ਕੀਤੀ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਬੋਲਦਿਆਂ ਸਮਾਜ ਦੇ ਲੋਕਾਂ ਨੂੰ

ਮੈਗਜ਼ੀਨ ਰਾਹੀ ਉਸਾਰੂ ਸੋਚ ਵਾਲੇ ਸਾਹਿਤ ਨਾਲ ਜੋੜਣ ਲਈ ਸੰਸਥਾ ਦੇ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇੱਕ ਚੰਗਾ ਸਾਹਿਤ ਹੀ ਸਮਾਜ ਦੇ ਲੋਕਾਂ ਦਾ ਸਹੀ ਮਾਰਗਦਰਸ਼ਨ ਕਰਦਾ ਹੈ। ਚੀਫ ਇੰਜੀਨਅਰ ਸ. ਸਤਵਿੰਦਰ ਸਿੰਘ ਨੇ ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਵਲੋ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਵੱਖ ਵੱਖ ਤਰਾਂ ਦੇ ਸਮਾਜ ਭਲਾਈ ਕੰਮਾਂ ਰਾਹੀ ਲੋਕ ਸੇਵਾ ਕਰਨ ਦੇ ਯਤਨਾਂ ਲਈ ਵਧਾਈ ਦਿੱਤੀ। ਉਨ੍ਹਾ ਸੰਸਥਾ ਨੂੰ ਲੋਕ ਭਲਾਈ ਦੇ ਕੰਮਾਂ ਪ੍ਰਤੀ ਹੋਰ ਵਧੇਰੇ ਉਤਸ਼ਾਹਿਤ ਕਰਨ ਲਈ 10 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਵੀ ਦਿੱਤੀ। ਦੋਵੇ ਮਹਿਮਾਨਾਂ ਦਾ ਟਰੱਸਟ ਚੇਅਰਮੈਨ ਡਾ. ਅਜਮੇਰ ਸਿੰਘ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਸਵਾਗਤ ਅਤੇ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਵਿਅਕਤੀ ਹਾਜ਼ਰ ਸਨ।

**ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸ਼ਿੱਪ ਦਾ ਵਿਤਰਣ:-**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਵਲੋਂ ਸਾਲ-2020 ਲਈ ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸ਼ਿੱਪ ਤਹਿਤ ਤਿੰਨ ਲੱਖ ਰੁਪਏ ਦਾ ਸਾਲਾਨਾ ਵਜੀਫ਼ਾ ਕੌਮੀ ਪੱਧਰ ਦੀ ਗੌਰਵਮਈ ਸੰਸਥਾ ਆਈ .ਆਈ.ਟੀ ਰੁੜਕੀ ਤੋਂ ਰੋਬੋਟਿਕਸ 'ਚ ਪੀਐਚਡੀ ਕਰ ਰਹੇ ਵਿਦਿਆਰਥੀ ਸਰਵੇਸ਼ ਸੈਣੀ ਨੂੰ 3 ਜਨਵਰੀ, 2021 ਨੂੰ ਡਿਪਟੀ ਕਮਿਸ਼ਨਰ ਸੋਨਾਲੀ ਗਿਰੀ ਨੇ ਭੇਟ ਕੀਤਾ। ਡਿਪਟੀ ਕਮਿਸ਼ਨਰ ਨੇ ਇਸ ਸਮੇਂ ਇਹ ਵਜੀਫ਼ਾ ਆਰੰਭ ਕਰਨ ਵਾਲੇ ਡੋਨਰ ਲੇਟ ਸ਼੍ਰੀ ਐਲ. ਆਰ. ਮੁੰਦਰਾ ਦੀ ਇਸ ਗੱਲੋਂ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਕਿ ਉਨ੍ਹਾਂ ਨੇ ਉਚੇਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਦਾ ਜੋ ਰਾਹ ਅਪਣਾਇਆ ਹੈ, ਇਹ ਇੱਕ ਮਿਸਾਲ ਹੈ। ਉਨ੍ਹਾਂ ਕਿਹਾ ਕਿ ਜਿਆਦਾ ਕਰਕੇ ਬਹੁਤ ਸਾਰੀਆਂ ਸੰਸਥਾਵਾ ਛੋਟੇ ਵਜੀਫ਼ੇ ਤਾਂ ਦਿੰਦੀਆਂ ਹਨ ਪਰ ਉੱਚੇਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਮਦਦ ਘੱਟ ਹੀ ਮਿਲਦੀ ਹੈ। ਡਿਪਟੀ ਕਮਿਸ਼ਨਰ ਨੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਨੂੰ ਇਸ ਵਿਲੱਖਣ ਵਜ਼ੀਫ਼ਾ ਅਮਲ ਵਿੱਚ ਲਿਆਉਣ ਲਈ ਵਧਾਈ ਦਿੱਤੀ। ਜ਼ਿਕਰਯੋਗ ਹੈ ਵਿਦਿਆਰਥੀ ਸਰਵੇਸ਼ ਸੈਣੀ ਭਵਾਨੀ (ਹਰਿਆਣਾ) ਦੇ ਰਹਿਣ ਵਾਲੇ ਹਨ ਅਤੇ ਉਸ ਦੇ ਸਿਰ ਤੋਂ ਪਿਤਾ ਦਾ ਸਾਇਆ ਵੀ ਉਠ ਚੁੱਕਾ ਹੈ। ਇਸ ਵਿਦਿਆਰਥੀ ਦੀ ਚੋਣ ਇਸ ਵਜ਼ੀਫੇ ਲਈ ਪ੍ਰਾਪਤ 10 ਬਿਨੈਕਾਰਾਂ ਵਿੱਚੋ ਟਰੱਸਟ ਵਲੋਂ ਗਠਤ 5 ਮੈਂਬਰੀ ਕਮੇਟੀ ਵਲੋਂ ਨਿਰੋਲ ਵਿਦਿਆਰਥੀ ਦੇ ਵਿਦਿਅਕ ਕੈਰੀਅਰ ਤੇ ਡੋਨਰ ਵਲੋਂ ਤਹਿ ਸ਼ਰਤਾਂ ਦੇ ਆਧਾਰ 'ਤੇ ਕੀਤੀ ਗਈ ਹੈ। ਟਰੱਸਟ ਵਲੋਂ ਵਿਦਿਆਰਥੀ ਦੀ ਚੋਣ ਕਰਨ ਲਈ ਉੱਚਕੋਟੀ ਦੇ ਦੋ ਵਿਦਿਅਕ ਮਾਹਰਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ। ਵਜੀਫ਼ਾ ਪ੍ਰਾਪਤ ਕਰਨ ਸਮੇਂ ਸਮਾਗਮ ਵਿੱਚ ਬੋਲਦਿਆਂ ਵਿਦਿਆਰਥੀ ਸਰਵੇਸ਼ ਸੈਣੀ ਨੇ ਕਿਹਾ ਕਿ ਉਸ ਨੂੰ ਇਹ ਵਜੀਫ਼ਾ ਪ੍ਰਾਪਤ ਹੋਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ ਅਤੇ ਉਹ ਸੰਸਥਾ ਦੀਆਂ ਇਛਾਵਾਂ ਤੇ ਪੂਰਾ ਉਤਰਣ ਦਾ ਹਰ ਸੰਭਵ ਯਤਨ ਕਰਨਗੇ। ਇਸ ਮੌਕੇ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਡਿਪਟੀ ਕਮਿਸ਼ਨਰ ਦਾ ਸਵਾਗਤ ਕੀਤਾ। ਟਰੱਸਟ ਦੇ ਚੇਅਰਮੈਨ ਬਲਬੀਰ ਸਿੰਘ ਸੈਣੀ, ਵਾਇਸ ਚੇਅਰਮੈਨ ਡਾ. ਅਜਮੇਰ ਸਿੰਘ, ਸਕੱਤਰ ਅਮਰਜੀਤ ਸਿੰਘ, ਕਾਨੂੰਨੀ ਸਲਾਹਕਾਰ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਟਰੱਸਟੀ ਡਾ. ਜਸਵੰਤ ਕੌਰ ਸੈਣੀ, ਰਾਜਿੰਦਰ ਸਿੰਘ ਗਿਰਨ, ਬਹਾਦਰਜੀਤ ਸਿੰਘ ਤੋਂ ਇਲਾਵਾ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਤੇ ਪਤਵੰਤੇ ਵਿਅਕਤੀ- ਬਲਬੀਰ ਸਿੰਘ ਸੈਣੀ ਬੋਲਾ ਦਿੱਲੀ, ਰਾਜਿੰਦਰ ਸਿੰਘ ਨੰਨੂਆ, ਕੁਲਦੀਪ ਸਿੰਘ ਗੋਲੀਆ, ਪ੍ਰਦਮਣ ਸਿੰਘ, ਤਰਲੋਚਨ ਸਿੰਘ ਆਦਿ ਹਾਜ਼ਰ ਸਨ।

**ਕਿਸਾਨੀ ਸੰਘਰਸ਼ ਦੇ ਹੱਕ 'ਚ ਸੈਣੀ ਭਵਨ ਦੇ ਵਫਦ ਦੀ ਦਿੱਲੀ ਸਿੰਘੂ ਹੱਦ 'ਤੇ ਫੇਰੀ:-**



ਕਿਸਾਨੀ ਸੰਘਰਸ਼ ਦੇ ਹੱਕ ਵਿੱਚ 9 ਜਨਵਰੀ, 2021 ਨੂੰ ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਦਾ ਇੱਕ ਵਫਦ ਕਿਸਾਨ ਮੰਗਾਂ ਦਾ ਬੈਨਰ ਲਗਾ ਕੇ ਦਿੱਲੀ ਸਿੰਘੂ ਹੱਦ 'ਤੇ ਗਿਆ। ਉਨ੍ਹਾਂ ਅੰਦੋਲਨ ਦੇ ਹੱਕ 'ਚ ਨਾਹਰੇ ਲਗਾਏ ਅਤੇ ਕਿਸਾਨਾਂ ਦੇ ਸੰਘਰਸ਼ ਦੀ ਜਿੱਤ ਲਈ ਕਾਮਨਾ ਕੀਤੀ। ਉਨ੍ਹਾਂ ਸੰਸਥਾ ਵਲੋਂ ਲੋਹੜੀ ਦੇ ਤਿਉਹਾਰ ਦੇ ਮੱਦੇਨਜਰ ਸੰਘਰਸ਼ੀ ਕਿਸਾਨਾਂ ਲਈ ਮੂੰਗਫਲੀ, ਰੇੜੀਆ ਤੋਂ ਇਲਾਵਾ ਟੂਥਪੇਸਟ ਅਤੇ ਪੁਸਤਕਾਂ ਦਾ ਯੋਗਦਾਨ ਪਾਇਆ। ਵਫਦ ਵਿੱਚ ਸ਼ਾਮਲ ਮੈਂਬਰਾਂ ਨੇ ਦੱਸਿਆ ਕਿ ਕਿਸਾਨ ਆਪਣੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਪੂਰੀ ਸਿਦਕ ਨਾਲ ਡੱਟੇ ਹਨ। ਸੜਕਾਂ 'ਤੇ ਕਿਸਾਨੀ ਸੰਘਰਸ਼ ਦੇ ਹੱਕ ਵਿੱਚ ਹਜ਼ਾਰਾਂ ਟਕੈਕਟਰ ਟਰਾਲੀਆਂ ਲੈ ਕੇ ਦੇਖੇ ਜਾ ਸਕਦੇ ਹਨ। ਲਗਦਾ ਹੈ ਕਿ ਸਰਕਾਰ ਨੂੰ ਇਸ ਸੰਘਰਸ਼ ਨੂੰ ਲਮਕਾਉਣ ਦਾ ਮਹਿੰਗਾ ਮੁੱਲ ਤਾਰਨਾ ਪਵੇਗਾ। ਵਫਦ ਵਿੱਚ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੋਂ ਇਲਾਵਾ ਹੋਰ ਅਹੁਦੇਦਾਰ ਗੁਰਮੁੱਖ ਸਿੰਘ ਸੈਣੀ, ਦੇਵਿੰਦਰ ਸਿੰਘ ਜਟਾਣਾ, ਰਾਜਿੰਦਰ ਸਿੰਘ ਗਿਰਨ, ਅਮਰਜੀਤ ਸਿੰਘ, ਪ੍ਰਦੁੱਮਣ ਸਿੰਘ, ਜਗਦੇਵ ਸਿੰਘ, ਹਰਦੀਪ ਸਿੰਘ, ਦਲਜੀਤ ਸਿੰਘ ਸ਼ਾਮਲ ਸਨ।

**ਕਿਸਾਨ ਅੰਦੋਲਨ ਦੇ ਮੱਦੇਨਜ਼ਰ ਸਾਦੇ ਢੰਗ ਨਾਲ ਮਨਾਇਆ ਲੋਹੜੀ ਦਾ ਤਿਉਹਾਰ:-**

ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਵਲੋਂ 12 ਜਨਵਰੀ, 2021 ਨੂੰ ਲੋਹੜੀ ਦਾ ਤਿਉਹਾਰ ਬਹੁਤ ਹੀ ਸਾਦੇ ਢੰਗ ਨਾਲ ਮਨਾਇਆ ਗਿਆ। ਸੰਸਥਾ 'ਚ ਵੱਖ ਵੱਖ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਵਲੋਂ ਪ੍ਰਬੰਧਕਾਂ ਨਾਲ ਮਿਲਕੇ ਲੋਹੜੀ ਜਲਾਈ ਗਈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਲੋਹੜੀ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਇਸ ਤਿਉਹਾਰ ਦੇ ਪਿਛੋਕੜ ਨਾਲ ਜੁੜੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਕਿਸ ਤਰਾਂ ਦੂਲਾ ਭੱਟੀ ਨੇ ਆਪਣੇ ਵਡੇਰਿਆਂ ਨਾਲ ਉਸ ਸਮੇਂ ਦੇ ਹੁਕਮਰਾਨਾਂ ਵਲੋਂ ਜਬਰ ਕਰਨ ਦਾ ਬਦਲਾ ਲਿਆ ਅਤੇ ਗਰੀਬਾਂ ਦੀ ਮਦਦ ਕੀਤੀ। ਉਨ੍ਹਾਂ ਦਿੱਲੀ 'ਚ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆ ਕਿਹਾ ਕਿ ਇਹ ਇੱਕਲੇ ਕਿਸਾਨਾਂ ਦਾ ਸੰਘਰਸ਼ ਨਹੀ ਬਲਕਿ ਇਹ ਸਭ ਦੇ ਹਿੱਤ ਦਾ ਸੰਘਰਸ਼ ਹੈ। ਇਸ ਮੌਕੇ ਸੰਘਰਸ਼ ਦੌਰਾਨ ਆਪਣੀਆ ਜਾਨਾਂ ਗਵਾਉਣ ਵਾਲੇ ਕਿਸਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਇਸ ਮੌਕੇ ਸੰਸਥਾ ਦੇ ਟਰੱਸਟੀ ਤੇ ਅਹੁਦੇਦਾਰਾਂ ਤੋਂ ਇਲਾਵਾ ਸੰਸਥਾ ਦੀਆਂ ਅਧਿਆਪਕਾਵਾਂ ਤੇ ਸਿੱਖਿਆਰਥਣਾਂ ਹਾਜ਼ਰ ਸਨ।

ਸੈਣੀ ਭਵਨ ਦੀ ਸਹਿਯੋਗੀ ਸੰਸਥਾ, ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਵਲੋਂ ਚਲਾਏ ਜਾ ਰਹੇ ਬਜ਼ੁਰਗਾਂ ਦੇ "ਆਪਣਾ ਘਰ" ਵਿਖੇ 13 ਜਨਵਰੀ, 2021 ਨੂੰ ਇੰਨਰਵੀਲ ਕਲੱਬ ਰੂਪਨਗਰ ਵਲੋਂ ਲੋਹੜੀ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।

**ਨਵੇਂ ਖੇਤੀ ਕਾਨੂੰਨਾਂ 'ਤੇ ਵਿਚਾਰ-ਚਰਚਾ :-**

ਕੇਂਦਰ ਸਰਕਾਰ ਵਲੋਂ ਬਣਾਏ ਗਏ ਨਵੇਂ ਖੇਤੀ ਕਾਨੂੰਨਾਂ ਦੇ ਹਰ ਇੱਕ ਪਹਿਲੂ ਤੋਂ ਜਾਗਰੂਕ ਹੋਣ ਲਈ ਸੈਣੀ ਭਵਨ ਰੂਪਨਗਰ ਵਿਖੇ ਮਿਤੀ 28 ਫਰਵਰੀ 2021 ਨੂੰ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ ਨਵੇਂ ਖੇਤੀ ਕਾਨੂੰਨਾਂ ਦੇ ਵਿਸ਼ੇ ਤੇ ਵਿਚਾਰ-ਚਰਚਾ ਕਰਵਾਈ ਗਈ। ਇਸ ਮੌਕੇ ਵੱਖ ਵੱਖ ਸੰਗਠਨਾਂ ਨਾਲ ਸਬੰਧਤ ਪਤਵੰਤੇ ਵਿਅਕਤੀ ਹਾਜ਼ਰ ਸਨ। ਇਸ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਉਘੇ ਅਰਥਸ਼ਾਸਤ੍ਰੀ ਅਤੇ ਕਰਿੱਡ ਦੇ ਪ੍ਰੋਫੈਸਰ ਡਾ. ਰਣਜੀਤ ਸਿੰਘ ਘੁੰਮਣ ਨੇ ਦੱਸਿਆ ਕਿ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਦੇਸ਼-ਵਿਦੇਸ਼ 'ਚ ਚੱਲ ਰਿਹਾ ਕਿਸਾਨ ਅੰਦੋਲਨ ਇਸ ਗੱਲ ਦਾ ਸਬੂਤ ਹੈ ਕਿ ਦੇਸ਼ ਦੇ ਆਮ ਲੋਕ ਜਿਸ ਉਦੇਸ਼ ਨੂੰ ਲੈ ਕੇ ਆਪਣੀਆਂ ਸਰਕਾਰਾਂ ਚੁਣਦੇ ਹਨ ਸਮੇਂ ਸਮੇਂ ਤੇ ਗਠਤ ਸਰਕਾਰਾਂ ਉਸ ਦੇ ਉਲਟ ਆਪਣੇ ਹਿੱਤਾਂ ਦੀ ਪੂਰਤੀ ਲਈ ਕਾਰਪੋਰੇਟ ਘਰਾਣਿਆਂ ਅਤੇ ਪ੍ਰੈਸ਼ਰ ਗਰੁੱਪਾਂ ਲਈ ਕੰਮ ਕਰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਮੇਂ ਦੀ ਸਰਕਾਰ ਨੂੰ ਇਹ ਲਗਦਾ ਹੈ ਕਿ ਜੋ ਹਕੂਮਤ ਦੇ ਖਿਲਾਫ ਵਿਚਾਰ ਰੱਖਦਾ ਹੈ ਉਹ ਦੇਸ਼-ਵਿਰੋਧੀ ਹੈ।ਜੋ ਸਰਕਾਰ ਲੋਕਾਂ ਦੇ ਬੁਨਿਆਦੀ ਹੱਕਾਂ 'ਤੇ ਪਾਬੰਦੀ ਲਗਾਉਂਦੀ ਹੈ ਉਹ ਖੁਦ ਦੇਸ਼ ਦੀ ਵੱਡੀ ਦੁਸ਼ਮਣ ਹੈ। ਉਨ੍ਹਾਂ ਪੱਗੜੀ ਸੰਭਾਲ ਦੇ ਲੰਬੇ ਚਲੇ ਅੰਦੋਲਨ ਦੀ ਜਿੱਤ ਦਾ ਜ਼ਿਕਰ ਕਰਦਿਆਂ ਆਖਿਆ ਕਿ ਅੱਜ ਦੀ ਹਕੂਮਤ ਅੰਗਰੇਜ਼ ਸਰਕਾਰ ਤੋਂ ਵੀ ਵੱਧ ਜਿੱਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਲਈ ਕਾਨੂੰਨ ਬਣਾਇਆ ਜਾਂਦਾ ਹੈ ਅਗਰ ਉਹ ਵਿਸ਼ੇਸ਼ ਵਰਗ ਉਸ ਦਾ ਵਿਰੋਧ ਕਰਦਾ ਹੈ ਤਾਂ ਉਸ ਨੂੰ ਰੱਦ ਕਰ ਦਿੱਤਾ ਜਾਵੇ। ਉਨ੍ਹਾਂ ਕਿਸਾਨਾਂ ਵਲੋਂ ਕਾਨੂੰਨਾਂ ਖਿਲਾਫ ਸਾਂਤੀਪੂਰਵਕ ਅਤੇ ਯੋਜਨਾਬੰਦ ਢੰਗ ਨਾਲ ਅੰਦੋਲਨ ਕਰਨ ਲਈ ਵਧਾਈ ਦਿੱਤੀ ਅਤੇ ਕਿਹਾ ਅੱਜ ਹਰ ਵਰਗ ਤੋਂ ਇਸ ਲਈ ਯੋਗਦਾਨ ਮਿਲ ਰਿਹਾ ਹੈ। ਡਾ. ਘੁੰਮਣ ਨੇ ਵਿਸਥਾਰ ਨਾਲ ਕਿਸਾਨੀ ਅਤੇ ਆਮ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਪਹਿਲੂਆਂ ਤੇ ਚਾਨਣਾ ਪਾਇਆ ਅਤੇ ਕਿਹਾ ਕਿ ਛੋਟੀ ਫਾਰਮਿੰਗ ਲਈ ਇਹ ਕਾਨੂੰਨ ਅਮਲ ਵਿੱਚ ਨਹੀਂ ਲਿਆਦਾ ਜਾ ਸਕਦਾ ਇਹ ਕਾਨੂੰਨਾ ਨਾਲ ਕਿਸਾਨਾਂ ਨੂੰ ਲੇਬਰ ਦੇ ਤੌਰ ਤੇ ਕੰਮ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ 97 ਫੀਸਦੀ ਭਾਰਤੀ ਕਿਸਾਨ ਗਰੀਬ ਹਨ। ਸਰਕਾਰ ਨੂੰ ਕਿਸਾਨਾਂ ਦੀ ਬੇਹਤਰੀ ਲਈ ਵਿਸ਼ੇਸ ਸਹੂਲਤਾਂ ਦੇ ਕੇ ਬਦਲਵੀਆਂ ਫਸਲਾਂ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਡਾ. ਘੁੰਮਣ ਨੇ ਕਿਹਾ ਕਿ ਸਰਕਾਰ ਦੇ ਇਸ ਕਾਨੂੰਨ ਨਾਲ ਸਿੱਧੇ ਸੰਪਰਕ 'ਚ ਰਹਿਣ ਵਾਲੇ ਵਿਚੋਲੇ ਖਤਮ ਹੋਕੇ ਕਾਰਪੋਰੇਟ ਵਿਚੋਲੇ ਆ ਜਾਣਗੇ, ਜਿਨ੍ਹਾ ਨੂੰ ਸੰਪਰਕ ਕਰਨਾ ਕਿਸਾਨਾਂ ਲਈ ਦੂਰ ਦੀ ਗੱਲ ਹੋਵੇਗੀ। ਇਹ ਜ਼ਰੂਰੀ ਨਹੀਂ ਕਿ ਪ੍ਰਾਈਵੇਟ ਵਿਉਪਾਰੀ ਕਿਸਾਨ ਦੀ ਪੂਰੀ ਫਸਲ ਖਰੀਦੇਗਾ, ਕਿਸਾਨ ਪ੍ਰਾਈਵੇਟ ਵਿਉਪਾਰੀ ਨੂੰ ਫਸਲ ਖਰੀਦਣ ਲਈ ਮਜ਼ਬੂਰ ਨਹੀਂ ਕਰ ਸਕਦਾ। ਇਸ ਲਈ ਐਮਐਸਪੀ ਦਾ ਲੀਗਲ ਹੋਣਾ ਜਰੂਰੀ ਹੈ। ਉਨ੍ਹਾਂ ਨੇ ਸੁਝਾ ਦਿੱਤਾ ਕਿ ਇਨ੍ਹਾਂ ਕਾਨੂੰਨਾਂ ਨੂੰ ਰੋਕ ਕੇ ਇਕ ਉਚ ਪੱਧਰੀ ਕਮੇਟੀ ਦਾ ਗਠਨ ਹੋਵੇ ਜਿਸ ਵਿੱਚ ਖੇਤੀ ਮਾਹਰ, ਸਰਕਾਰ ਦੇ ਪ੍ਰਤੀਨਿੱਧ ਇਕ ਨਿਰਪੱਖ ਸੋਚ ਰੱਖਣ ਵਾਲੇ ਚੇਅਰਮੈਨ ਦੀ ਅਗਵਾਈ 'ਚ ਵਿਚਾਰ ਕਰਕੇ ਲੋਕ ਰਾਏ ਕਾਇਮ ਕੀਤੀ ਜਾਵੇ। ਡਾ. ਘੁੰਮਣ ਨੇ ਇਸ ਮੌਕੇ ਹਾਜ਼ਰ ਪਤਵੰਤੇ ਵਿਅਕਤੀਆਂ ਦੇ ਸਵਾਲਾਂ ਦੇ ਢੁਕਵੇਂ ਜਵਾਬ ਦਿੱਤੇ। ਸੈਣੀ ਭਵਨ ਦੀ ਸੰਸਥਾ ਵਲੋਂ ਡਾ. ਅਜਮੇਰ ਸਿੰਘ, ਦੇਵਿੰਦਰ ਸਿੰਘ ਜਟਾਣਾ, ਰਾਜਿੰਦਰ ਸੈਣੀ, ਬਲਬੀਰ ਸਿੰਘ ਨੇ ਇਸ ਮੌਕੇ ਆਪਣੇ ਵਿਚਾਰ ਰਖੇ ਅਤੇ ਇਸ ਵਿਚਾਰ ਚਰਚਾ ਵਿੱਚ ਮਹਿੰਦਰ ਸਿੰਘ ਭਲਿਆਣ, ਬੀ.ਐਸ ਸੈਣੀ, ਆਰ. ਐਸ. ਸੈਣੀ, ਸਮਿੰਦਰ ਸਿੰਘ ਭਕੂਮਾਜਰਾ, ਸੁਰਿੰਦਰ ਸਿੰਘ, ਜੀ.ਐਸ ਬਿੰਦਰਾ, ਨਰਿੰਦਰ ਸਿੰਘ, ਜਗਦੀਸ਼ ਸਿੰਘ, ਭਾਗ ਸਿੰਘ ਮਦਾਨ, ਕਿਸਾਨ ਆਗੂ ਕੁਲਵੰਤ ਸਿੰਘ, ਸਾਬਕਾ ਪ੍ਰਿੰਸੀਪਲ ਸੰਤ ਸੁਰਿੰਦਰ ਪਾਲ ਸਿੰਘ, ਡਾਇਰੈਕਟਰ ਸੁਖਜਿੰਦਰ ਸਿੰਘ ਆਦਿ ਨੇ ਭਾਗ ਲਿਆ। ਇਸ ਮੌਕੇ

ਗੁਰਮੁੱਖ ਸਿੰਘ ਸੈਣੀ, ਕਰਨੈਲ ਸਿੰਘ ਤੰਬੜ, ਜਗਨੰਦਨ ਸਿੰਘ ਰੀਹਲ, ਐਮ.ਸੀ ਅਮਰਿੰਦਰ ਸਿੰਘ ਰੀਹਲ, ਜਗਦੀਪ ਕੌਰ ਢੱਕੀ ਪ੍ਰਧਾਨ ਜ਼ਿਲ੍ਹਾ ਮਹਿਲਾ ਮੰਡਲ, ਵਿਜੇ ਲਕਛਮੀ, ਇਕਵਾਲ ਸਿੰਘ, ਪ੍ਰਿੰਸੀਪਲ ਸੁਰਜਨ ਸਿੰਘ, ਐਡਵੋਕੇਟ ਰਾਵਿੰਦਰ ਮੁੰਦਰਾ, ਕੈਪਟਨ ਹਾਕਮ ਸਿੰਘ, ਡਾ. ਜਸਵੰਤ ਕੌਰ, ਪਰਮਿੰਦਰ ਕੌਰ, ਪ੍ਰੋ. ਜਤਿੰਦਰ ਗਿੱਲ, ਹਰਜੀਤ ਸਿੰਘ ਲੌਂਗੀਆ, ਬਲਵਿੰਦਰ ਸਿੰਘ ਤੋਂ ਇਲਾਵਾ ਵੱਖ ਵੱਖ ਸੰਗਠਨਾਂ ਨਾਲ ਸਬੰਧਤ ਪਤਵੰਤੇ ਵਿਅਕਤੀ ਹਾਜ਼ਰ ਸਨ।

**ਸੈਣੀ ਭਵਨ 'ਚ ਕੌਮਾਂਤਰੀ ਮਹਿਲਾ ਦਿਵਸ ਸਮਾਰੋਹ:-**



ਸੈਣੀ ਭਵਨ ਵਿਖੇ 8 ਮਾਰਚ, 2021 ਨੂੰ ਸੰਸਥਾ ਦੀਆਂ ਸਿੱਖਿਆਰਥਣਾਂ ਨੇ ਕੌਮਾਂਤਰੀ ਮਹਿਲਾ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ। ਸਮਾਰੋਹ 'ਚ ਵਿਸ਼ੇਸ਼ ਮਹਿਮਾਨਾਂ ਵਜੋਂ ਰੂਪਨਗਰ ਨਗਰ ਕੌਂਸਲ ਲਈ ਨਵੀਆਂ ਚੁਣੀਆਂ ਕੌਂਸਲਰਾਂ ਕਿਰਨ ਸੋਨੀ, ਜਸਵਿੰਦਰ ਕੌਰ ਸੈਣੀ ਅਤੇ ਕੁਲਵਿੰਦਰ ਕੌਰ ਨੇ ਸਿਰਕਤ ਕੀਤੀ। ਇਸ ਮੌਕੇ ਜਿੱਥੇ ਸਿੱਖਿਆਰਥਣਾਂ ਨੇ ਨੱਚ ਟੱਪ ਨੇ ਆਪਣੇ ਫੰਨ ਦਾ ਇਜ਼ਹਾਰ ਕੀਤਾ ਉੱਥੇ ਪ੍ਰਮੁੱਖ ਬੁਲਾਰਿਆਂ-ਪਰਮਿੰਦਰ ਕੌਰ, ਡਾ. ਜਸਵੰਤ ਕੌਰ, ਭਗਵੰਤ ਕੌਰ, ਦੇਵਿੰਦਰ ਜਟਾਣਾ, ਗੁਰਮੁੱਖ ਸਿੰਘ ਲੌਂਗੀਆਂ ਨੇ ਮਹਿਲਾਵਾਂ ਦੇ ਸਸ਼ਕਤੀਕਰਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਮਹਿਲਾਵਾਂ ਦੇ ਸਸ਼ਕਤੀਕਰਨ ਲਈ ਉਨ੍ਹਾਂ ਦਾ ਆਰਥਿਕ ਤੌਰ 'ਤੇ ਮਜ਼ਬੂਤ ਹੋਣ ਦੇ ਨਾਲ ਨਾਲ ਮਾਨਸਿਕ ਤੌਰ 'ਤੇ ਮਜ਼ਬੂਤ ਹੋਣਾ ਅਤਿ ਜ਼ਰੂਰੀ ਹੈ। ਜਿਸ ਲਈ ਔਰਤਾਂ ਦਾ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਪੜ੍ਹਿਆ-ਲਿਖਿਆ ਹੋਣਾ ਅਤਿ ਜ਼ਰੂਰੀ ਹੈ। ਸ.ਦੇਵਿੰਦਰ ਜਟਾਣਾ ਨੇ ਕਿਹਾ ਕਿ ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਸੰਘਰਸ਼ ਦੌਰਾਨ ਮਹਿਲਾਵਾਂ ਨੇ ਆਪਣੀ ਯੋਗਤਾ ਤੇ ਪ੍ਰਤਿਬੱਧਤਾ ਦਾ ਪ੍ਰਦਰਸ਼ਨ ਕਰਕੇ ਵੱਖਰੀ ਮਿਸਾਲ ਕਾਇਮ ਕੀਤੀ ਹੈ।ਇਸ ਸਮੇ ਸੰਸਥਾ ਦੇ ਪ੍ਰਬੰਧਕਾਂ ਨੇ ਸਮਾਗਮ 'ਚ ਪਹੁੰਚੀਆਂ ਵਿਸ਼ੇਸ਼ ਮਹਿਮਾਨ ਕੌਂਸਲਰਾਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੋਂ ਇਲਾਵਾ ਟਰੱਸਟੀ ਤੇ ਪ੍ਰਬੰਧਕ ਬਲਬੀਰ ਸਿੰਘ, ਰਾਮ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਰਾਜਿੰਦਰ ਸੈਣੀ, ਅਮਰਜੀਤ ਸਿੰਘ, ਬਹਾਦਰਜੀਤ ਸਿੰਘ, ਅਜੀਤ ਸਿੰਘ, ਦਲਜੀਤ ਸਿੰਘ ਤੋਂ ਇਲਾਵਾ ਸੰਤੋਸ਼ ਸੈਣੀ, ਡਾ. ਉਸ਼ਾ, ਅਮਰਜੀਤ ਸਿੰਘ, ਲਾਡੀ ਅਤੇ ਹਰਦੀਪ ਸਿੰਘ ਆਦਿ ਹਾਜ਼ਰ ਸਨ।



**ਬਰਾਦਰੀ ਦਾ ਹੀਰਾ**

## ਡਾ. ਗੁਰਿੰਦਰਬੀਰ ਸਿੰਘ,

ਡਾਇਰੈਕਟਰ ਸਿਹਤ ਵਿਭਾਗ ਪੰਜਾਬ

**ਦੇਵਿੰਦਰ ਸਿੰਘ ਜਟਾਣਾ**

ਪੰਜਾਬ ਵਿੱਚ ਹੈਲਥ ਸਰਵਿਸਸ ਵਿਭਾਗ ਦੇ ਡਾਇਰੈਕਟਰ ਡਾਕਟਰ ਗੁਰਿੰਦਰਬੀਰ ਸਿੰਘ ਦਾ ਪਿਛੋਕੜ ਕੁਰਾਲੀ ਨੇੜੇ ਪਿੰਡ ਨਿਹੋਲਕਾ ਦਾ ਹੈ ਜਿੱਥੇ ਆਪ ਦੇ ਬਾਬਾ ਜੀ ਰਿਟਾਇਰਡ ਲੇਟ ਲੈਫਟੀਨੈਂਟ ਬਚਨ ਸਿੰਘ ਕਾਬੜਵਾਲ ਇੱਕ ਵੱਡੇ ਫੌਜੀ ਪਰਿਵਾਰ ਦੇ ਮੁਖੀ ਸਨ। ਆਪ ਦੇ ਪਿਤਾ ਸ. ਕੁਲਦੀਪ ਸਿੰਘ ਕਾਬੜਵਾਲ ਸਰਕਾਰੀ ਕਾਲਜ ਰੋਪੜ ਦੇ ਪੁਰਾਣੇ ਵਿਦਿਆਰਥੀਆਂ ਵਿੱਚੋਂ ਹਨ। ਉਹ ਰੋਪੜ ਵਿਖੇ ਜ਼ਿਲ੍ਹਾ ਭਾਸ਼ਾ ਅਫਸਰ ਅਤੇ ਪਟਿਆਲਾ 'ਚ



ਭਾਸ਼ਾ ਵਿਭਾਗ ਪੰਜਾਬ ਦੇ ਸਹਾਇਕ ਡਾਇਰੈਕਟਰ ਵਜੋਂ ਸੇਵਾਮੁਕਤ ਹੋਏ। ਸੇਵਾਮੁਕਤੀ ਤੋਂ ਬਾਅਦ ਉਨ੍ਹਾਂ ਨੇ ਦੋ ਨਾਵਲ ਅਤੇ ਚਮਕੌਰ ਸਾਹਿਬ ਦੇ ਇਤਿਹਾਸ ਬਾਰੇ ਕਿਤਾਬਾਂ ਲਿਖੀਆਂ। ਸ. ਕੁਲਦੀਪ ਸਿੰਘ 1956-57 ਵਿੱਚ ਆਪਣੇ ਪਿੰਡ ਨਿਹੋਲਕਾ ਤੋਂ ਪਟਿਆਲਾ ਜਾ ਕੇ ਰਹਿਣ ਲਗ ਪਏ ਜਿੱਥੇ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਉੱਚ-ਸਿੱਖਿਆ ਹਾਸਲ ਕਰਵਾਈ ਉੱਥੇ ਹੀ ਆਪਣੇ ਭੈਣ-ਭਰਾਵਾਂ ਨੂੰ ਵੀ ਨਵੇਂ ਮੁਕਾਮਾਂ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ। ਆਪ ਦੇ ਸਾਰੇ ਭਰਾ ਗਜ਼ਟਿਡ ਅਫਸਰ ਰਿਟਾਇਰ ਹੋਏ। ਡਾ. ਗੁਰਿੰਦਰਬੀਰ ਸਿੰਘ ਦਾ ਇੱਕ ਭਰਾ ਸਮਾਣਾ ਕਾਲਜ ਵਿੱਚ ਸੀਨੀਅਰ ਪ੍ਰੋਫੈਸਰ, ਭਰਜਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਅਧਿਆਪਕਾ ਅਤੇ ਭੈਣ ਡੈਂਟਲ ਸਰਜਨ ਹੈ।

ਇਸ ਤਰ੍ਹਾਂ ਛੋਟੇ ਜਿਹੇ ਪਿੰਡ ਵਿੱਚੋਂ ਉੱਠ ਕੇ ਇਸ ਪਰਿਵਾਰ ਨੇ ਫੌਜ, ਸਿੱਖਿਆ, ਮੈਡੀਕਲ ਵਿੱਦਿਆ ਅਤੇ ਭਾਸ਼ਾ ਵਿਭਾਗ ਵਿੱਚ ਆਪਣਾ ਨਾਮ ਖੱਟਿਆ। ਅਕਤੂਬਰ 1964 ਵਿੱਚ ਜਨਮੇ ਡਾਕਟਰ ਸਾਹਿਬ ਦੀ ਮਾਤਾ ਸ਼੍ਰੀਮਤੀ ਪਰਮਜੀਤ ਕੌਰ ਕੁੱਝ ਸਾਲ ਪਹਿਲਾਂ ਸੰਖੇਪ ਜਿਹੀ ਬਿਮਾਰੀ ਕਾਰਨ ਅਕਾਲਚਲਾਣਾ ਕਰ ਗਏ। ਡਾਕਟਰ ਗੁਰਿੰਦਰਬੀਰ ਸਿੰਘ ਨੇ ਮੁਢਲੀ ਸਿੱਖਿਆ ਪਟਿਆਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੀਲਖਾਨਾ ਅਤੇ ਐਮ.ਬੀ.ਬੀ.ਐਸ 1985 ਵਿੱਚ ਗੌਰਮਿੰਟ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਤੋਂ ਕੀਤੀ। ਉਹ 1988 ਵਿੱਚ ਪੀ ਸੀ ਐਮ ਐਸ ਸੀਲੈਕਟ ਹੋ ਕੇ ਸੰਗਰੂਰ, ਪਟਿਆਲਾ ਆਦਿ ਹਸਪਤਾਲਾਂ ਵਿੱਚ ਮੈਡੀਕਲ ਅਫਸਰ ਰਹੇ। 1994 ਵਿੱਚ ਆਪ ਨੇ ਕਮਿਉਨਿਟੀ

ਬਾਕੀ ਸਫਾ 11 'ਤੇ....

# ਖੁਸ਼ਹਾਲ ਜ਼ਿੰਦਗੀ ਜਿਉਣ ਦੀਆਂ ਬਰੀਕੀਆਂ

ਕੈਲਾਸ਼ ਚੰਦਰ ਸ਼ਰਮਾ

ਜ਼ਿੰਦਗੀ ਫੁੱਲਾਂ ਦੀ ਸੇਜ ਵੀ ਹੈ ਤੇ ਕੰਡਿਆਲਾ ਸਫ਼ਰ ਵੀ। ਖੁਸ਼ੀਆਂ,ਉਮੰਗਾਂ, ਮਾਯੂਸੀਆਂ, ਮੁਸ਼ਕਤਾਂ ਆਦਿ ਕਿੰਨਾਂ ਕੁੱਝ ਜੁੜਿਆ ਹੈ ਇਸ ਨਾਲ। ਜ਼ਿੰਦਗੀ ਇੱਕ ਅਨੋਖੀ ਕਿਤਾਬ ਹੈ ਜਿਸ ਦੇ ਪੰਨਿਆਂ ਦਾ ਕਿਸੇ ਨੂੰ ਵੀ ਕੋਈ ਪਤਾ ਨਹੀਂ। ਕਦੋਂ, ਕਿਵੇ, ਕਿੱਥੇ, ਕੌਣ ਮਿਲ ਜਾਵੇ ਜਾਂ ਵਿੱਛੜ ਜਾਵੇ, ਕਿਸੇ ਨੂੰ ਕੁੱਝ ਨਹੀਂ ਪਤਾ। ਹਰ ਰੋਜ਼ ਇੱਕ ਨਵਾਂ ਪੰਨਾ ਮਿਲਦਾ ਹੈ ਪਰ ਕਿਸੇ ਨੂੰ ਵੀ ਯਕੀਨ ਨਹੀਂ ਹੁੰਦਾ ਕਿ ਇਹ ਪੰਨਾਂ ਪੂਰਾ ਭਰਿਆ ਜਾਵੇਗਾ ਜਾਂ ਅਧੂਰਾ ਹੀ ਰਹਿ ਜਾਵੇਗਾ। ਜਦੋਂ ਗੰਢ ਖੁਲ੍ਹਦੀ ਹੈ ਤਾਂ ਕਈਆਂ ਨੂੰ ਮਿਲਦੀ ਹੈ ਜਿੱਤ ਤੇ ਕਈਆਂ ਨੂੰ ਹਾਰ। ਸ਼ਾਇਦ, ਇਹੋ ਹੀ ਹੈ ਜ਼ਿੰਦਗੀ ਦਾ ਅਜੀਬੋ-ਗਰੀਬ ਸੰਸਾਰ।

ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣਾ, ਹਰ ਵਿਅਕਤੀ ਦੀ ਇੱਛਾ ਹੁੰਦੀ ਹੈ ਤੇ ਇਸ ਨੂੰ ਪ੍ਰਾਪਤ ਕਰਨ ਲਈ ਉਹ ਮਿਹਨਤ ਵੀ ਕਰਦਾ ਹੈ। ਕਈ ਵਾਰ ਮੁੜ ਮੁੜ ਯਤਨ ਕਰਨ 'ਤੇ ਵੀ, ਹਰ ਵਾਰ ਬਾਜ਼ੀ ਪੁੱਠੀ ਹੀ ਪੈਂਦੀ ਹੈ ਅਤੇ ਵਿਅਕਤੀ ਦੇ ਪੱਲੇ ਪੈ ਜਾਂਦੇ ਹਨ ਕੇਵਲ ਗਮਾਂ ਦੇ ਢੇਰ। ਅਜਿਹੇ ਮੌਕੇ ਵਿਅਕਤੀ ਡੂੰਘੀ ਨਿਰਾਸ਼ਾ ਦੇ ਆਲਮ ਵਿੱਚ ਚਲਾ ਜਾਂਦਾ ਹੈ। ਮਨ, ਗਮਾਂ ਦੇ ਖੂਹ 'ਚ ਜਾ ਡਿਗਦਾ ਹੈ ਤੇ ਉਸ ਨੂੰ ਚਾਰੇ ਪਾਸੇ ਹਨੇਰਾ ਹੀ ਦਿਸਦਾ ਹੈ। ਅਜਿਹੇ ਮੌਕੇ ਵਿਅਕਤੀ ਨੂੰ ਆਪਣੀ ਅਕਲ ਦੇ ਸਾਰੇ ਬੰਦ ਦਰਵਾਜ਼ੇ ਖੋਲ੍ਹ ਕੇ ਮੁਸੀਬਤਾਂ ਦਾ ਦ੍ਰਿੜ੍ਹ ਇਰਾਦੇ ਤੇ ਹਿੰਮਤ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ ਨਾ ਕਿ ਸਿਰ ਸੁੱਟ ਕੇ ਉਨ੍ਹਾਂ ਨੂੰ ਸਹਿਣ ਕੀਤਾ ਜਾਵੇ। ਵਿਅਕਤੀ ਨੂੰ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਤਕਲੀਫਾਂ ਦਾ ਸਾਹਮਣਾ ਕਰਨ ਲਈ ਹੈ ਨਾ ਕਿ ਸਿਰ ਸੁੱਟ ਕੇ ਬੈਠਣ ਲਈ। ਹਾਲਾਤ ਕੋਲੋਂ ਨੱਸਿਆਂ ਗੱਲ ਨਹੀਂ ਬਣਦੀ, ਉਨ੍ਹਾਂ ਦਾ ਮੁਕਾਬਲਾ ਕਰਨਵਾਲਾ ਹੀ ਬਹਾਦਰ ਦਿਲ ਹੁੰਦਾ ਹੈ। ਏ.ਪੀ.ਜੇ. ਅਬਦੁਲ ਕਲਾਮ ਜੀ ਦੇ ਕਥਨ ਅਨੁਸਾਰ: ' ਜੇਕਰ ਅੰਗੂਰਾਂ ਨੂੰ ਨਪੀੜਿਆ ਨਾ ਜਾਵੇ ਤਾਂ ਸ਼ਰਾਬ ਨਹੀਂ ਬਣਦੀ, ਫੁੱਲਾਂ ਨੂੰ ਚੰਗੀ ਤਰ੍ਹਾਂ ਦਬਾਓ ਨਾਲ ਮਸਲਣ 'ਤੇ ਹੀ ਉਨ੍ਹਾਂ ਵਿੱਚੋਂ ਅਜਿਹਾ ਅਤਰ ਨਿਕਲਦਾ ਹੈ ਜੋ ਸਾਡੇ ਤਨ-ਮਨ ਨੂੰ ਤਰੋਤਾਜ਼ਾ ਤੇ ਸੁਗੰਧਿਤ ਬਣਾ ਦਿੰਦਾ ਹੈ।ਇਸ ਲਈ ਜੇਕਰ ਤੁਹਾਡੇ ਜੀਵਨ ਵਿੱਚ ਕੁੱਝ ਦੁੱਖ-ਤਕਲੀਫਾਂ ਨੇ ਆਪਣੀ ਹੋਂਦ ਵਿਖਾ ਦਿੱਤੀ ਹੈ ਤਾਂ ਇਸ ਤੋਂ ਡਰਨ ਦੀ ਲੋੜ ਨਹੀਂ। ਹਰ ਅਸਫਲਤਾ ਹੀ ਨਵੀਂ ਸਫਲਤਾ ਵੱਲ ਕਦਮ ਹੁੰਦਾ ਹੈ'।

ਕਦੇ ਵੀ ਆਸਾਨ ਜ਼ਿੰਦਗੀ ਦੀ ਇੱਛਾ ਨਾ ਕਰੋ, ਬਲਕਿ ਪ੍ਰਾਰਥਨਾ ਕਰੋ ਕਿ ਤੁਹਾਨੂੰ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਦੀ ਤਾਕਤ ਮਿਲੇ। ਅਸਫਲਤਾ ਦੇ ਸਮੇਂ ਵਿਅਕਤੀ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ ਤੇ ਅਸਫਲਤਾ ਦੇ ਕਾਰਨ ਪਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਕਸਰ ਇਹ ਵੇਖਿਆ ਗਿਆ ਹੈ ਕਿ ਅਸਫਲਤਾ ਲਈ ਸਿਰਫ ਤੇ ਸਿਰਫ ਸਾਡੀ ਮਿਹਨਤ ਵਿੱਚ ਰਹਿ ਗਈਆਂ ਤਰੁਟੀਆਂ ਹੀ ਜ਼ਿੰਮੇਵਾਰ ਹਨ। ਅਸਫਲਤਾਵਾਂ ਦੀਆਂ ਠੋਕਰਾਂ ਤੋਂ ਨਿਰਾਸ਼ ਹੋ ਕੇ ਕਿਸਮਤ ਨੂੰ ਕੋਸਦੇ ਰਹਿਣ ਵਾਲੇ ਅਤੇ ਜ਼ਿੰਦਗੀ ਦੀਆਂ ਔਕੜਾਂ ਅੱਗੇ ਹਥਿਆਰ ਸੁਟਣ ਵਾਲੇ ਲੋਕ ਜ਼ਿੰਦਗੀ ਵਿੱਚ ਪਛੜ ਜਾਂਦੇ ਹਨ। ਅਜਿਹੇ ਲੋਕ ਸਭ ਕੁੱਝ ਕਿਸਮਤ 'ਤੇ ਹੀ ਛੱਡ ਦਿੰਦੇ ਹਨ। ਯਾਦ ਰੱਖੋ, ਕਿਸਮਤ ਤਾਂ ਕਮਯੋਰ ਵਿਅਕਤੀਆਂ ਦਾ ਹਥਿਆਰ ਹੈ, ਆਪਣੀਆਂ ਕਮਜ਼ੋਰੀਆਂ 'ਤੇ ਪਰਦਾ ਪਾਉਣ ਲਈ। ਸਾਨੂੰ ਸਮਝਣਾ ਚਾਹੀਦਾ ਹੈ ਕਿ ਕਿਸਮਤ ਤਾਂ ਲਿਫਟ ਦੀ ਤਰ੍ਹਾਂ ਹੁੰਦੀ ਹੈ ਅਤੇ ਮਿਹਨਤ ਪੌੜੀਆਂ ਦੀ ਤਰ੍ਹਾਂ। ਲਿਫਟ ਭਾਵੇਂ ਵਿਅਕਤੀ ਨੂੰ ਮੰਜ਼ਲ ਤੱਕ ਪੌੜੀਆਂ ਨਾਲੋਂ ਜਲਦੀ ਪਹੁੰਚਾ ਦਿੰਦੀ ਹੈ, ਪਰ ਕਈ ਵਾਰ ਲਿਫਟ ਖਰਾਬ ਹੋ ਜਾਵੇ ਤਾਂ ਵਿਅਕਤੀ ਅੱਧ ਵਿਚਕਾਰ ਹੀ ਲਟਕਿਆ ਰਹਿ ਜਾਂਦਾ ਹੈ ਤੇ ਉਹ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਦਾ। ਦੂਜੇ ਪਾਸੇ ਮਿਹਨਤ ਭਾਵੇਂ ਲਿਫਟ ਦੇ ਮੁਕਾਬਲੇ ਸਮਾਂ ਤਾਂ ਵੱਧ ਲੈਂਦੀ ਹੈ ਪਰ ਉਹ ਪੱਕਾ ਹੀ ਮੰਜ਼ਲ ਤੱਕ ਪਹੁੰਚਾ ਦਿੰਦੀ ਹੈ। ਇਸ ਲਈ ਜ਼ਿੰਦਗੀ ਵਿੱਚ ਕਦੇ ਵੀ ਮਿਹਨਤ ਦਾ ਪੱਲਾ ਨਾ ਛੱਡੋ। ਸਿਆਣੇ ਕਹਿੰਦੇ ਹਨ-' ਪ੍ਰਮਾਤਮਾ ਕੇਵਲ ਉਨ੍ਹਾਂ ਦੀ ਹੀ ਮਦਦ ਕਰਦਾ ਹੈ ਜੋ ਆਪਣੀ ਮਦਦ ਆਪ ਕਰਦੇ ਹਨ'। ਇਸ ਲਈ ਮਨੁੱਖ ਨੂੰ ਕੇਵਲ ਕਿਸਮਤ ਦੇ ਭਰੋਸੇ ਨਾ ਰਹਿ ਕੇ ਜ਼ਿੰਦਗੀ ਵਿੱਚ ਪੁਰਸ਼ਾਰਥ ਕਰਦੇ ਰਹਿਣਾ ਚਾਹੀਦਾ ਹੈ। ਪੁਰਸ਼ਾਰਥ ਕਦੇ ਵੀ ਵਿਅਰਥ ਨਹੀਂ ਜਾਂਦਾ ਬਲਕਿ ਸਫਲਤਾ ਦਾ ਸੂਤਰਧਾਰ ਹੈ। ਜਵਾਹਰ ਲਾਲ ਨਹਿਰੂ ਦੇ ਕਥਨ ਅਨੁਸਾਰ," ਆਪਣੇ ਆਪ ਨੂੰ ਮੁਸ਼ਕਲਾਂ ਵਿੱਚ ਪਾ ਕੇ ਹੀ ਕੰਮ ਕਰਨ ਵਾਲਿਆਂ ਦੀ ਜਿੱਤ ਹੁੰਦੀ ਹੈ"।

ਸਮੱਸਿਆਵਾਂ, ਔਕੜਾਂ ਨਾਲ ਸੰਘਰਸ਼ ਕੀਤੇ ਬਿਨਾਂ ਕੋਈ ਵੀ ਵਿਅਕਤੀ ਤਾਕਤਵਾਰ ਨਹੀਂ ਬਣ ਸਕਦਾ ਕਿਉਂਕਿ ਸੰਘਰਸ਼ ਬਲ ਬਖਸ਼ਦਾ ਹੈ ਜਿਸ ਨਾਲ ਅਸੀਂ ਔਕੜਾਂ 'ਤੇ ਕਾਬੂ ਪਾ ਸਕਦੇ ਹਾਂ। ਮੁਸੀਬਤਾਂ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹਨ। ਜੋ ਵਿਅਕਤੀ ਇਸ ਗੱਲ ਨੂੰ ਸਮਝ ਲੈਂਦੇ ਹਨ, ਉਹ ਇਨ੍ਹਾਂ ਤੋਂ ਘਬਰਾਉਂਦੇ ਨਹੀਂ ਤੇ ਆਸਾਨੀ ਨਾਲ ਇਨ੍ਹਾਂ ਨੂੰ ਪਾਰ ਕਰ ਲੈਂਦੇ ਹਨ। ਜਿਹੜੇ ਲੋਕ ਇਸ ਗੱਲ ਨੂੰ ਨਹੀਂ ਸਮਝਦੇ, ਉਹ ਸਾਰੀ ਉਮਰ ਇਨ੍ਹਾਂ ਮੁਸੀਬਤਾਂ ਨਾਲ ਜੁੜੇ ਦਰਦਾਂ ਦਾ ਰੋਣਾ ਰੋਂਦੇ ਰਹਿੰਦੇ ਹਨ ਅਤੇ ਨਿਰਾਸ਼ਾ ਦੇ ਮਾਹੌਲ ਵਿੱਚੋਂ ਨਹੀਂ ਨਿਕਲ ਸਕਦੇ। ਕਈ ਵਾਰ ਅਜਿਹੀ ਸਥਿਤੀ ਵੀ ਆ ਜਾਂਦੀ ਹੈ ਕਿ ਆਪਣੇ-ਆਪ 'ਤੇ ਭਰੋਸਾ ਨਾ ਰੱਖਣ ਵਾਲੇ ਬੁਜ਼ਦਿਲ ਆਤਮਹੱਤਿਆ ਵੀ ਕਰ ਲੈਂਦੇ ਹਨ। ਜ਼ਿੰਦਗੀ ਅਨਮੋਲ ਹੈ। ਇਸ ਨੂੰ ਖਤਮ ਕਰਨਾ ਕੋਈ ਇਲਾਜ ਨਹੀਂ ਬਲਕਿ ਆਈ ਮੁਸੀਬਤ ਦਾ ਮੁਕਾਬਲਾ ਕਰਨਾ ਬਣਦਾ

ਹੈ। ਜੇਕਰ ਇੱਕ ਵਾਰ ਜੀਵਨ ਨੂੰ ਨਿਰਾਸ਼ਤਾ ਦਾ ਘੁਣ ਲੱਗ ਜਾਵੇ ਤਾਂ ਜੀਵਨ ਦਾ ਨਕਸ਼ਾ ਹੀ ਬਦਲ ਜਾਂਦਾ ਹੈ। ਨਿਰਾਸ਼ਾ ਜੀਵਨ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਇਸ ਨਾਲ ਵਿਅਕਤੀ ਦੀਆਂ ਪ੍ਰਾਪਤੀਆਂ,ਗੁਣ ਅਤੇ ਹੁਨਰ ਕਮਜ਼ੋਰ ਹੁੰਦਾ ਹੈ। ਇਸ ਲਈ ਹਾਂਪੱਖੀ ਸੋਚ ਰੱਖੋ ਅਤੇ ਸਕਾਰਾਤਮਕ ਲੋਕਾਂ ਨਾਲ ਸਮਾਂ ਬਿਤਾਓ। ਇਸ ਤਰ੍ਹਾਂ ਆਪ ਦੇ ਅੰਦਰ ਊਰਜਾ ਦਾ ਪ੍ਰਵਾਹ ਅਧਿਕ ਹੋਵੇਗਾ ਤੇ ਹਿੰਮਤ ਹੋਰ ਵਧੇਗੀ। ਇਕੱਲੇ ਬੈਠ ਕੇ ਬੀਤੀ ਜ਼ਿੰਦਗੀ ਦੀਆਂ ਯਾਦਾਂ ਦੇ ਝਰੋਖੇ ਨੂੰ ਫਰੋਲੋ। ਆਪਣੇ ਆਪ ਤੁਹਾਡੀਆਂ ਅਨੇਕਾਂ ਸਫਲਤਾਵਾਂ ਜੋ ਤੁਸੀਂ ਬਿਨਾਂ ਕਿਸੇ ਦੇ ਸਹਾਰੇ ਤੋਂ ਕੇਵਲ ਆਪਣੀ ਮਿਹਨਤ ਦੇ ਸਦਕਾ ਹੀ ਪ੍ਰਾਪਤ ਕੀਤੀਆਂ ਹਨ, ਤੁਹਾਡੇ ਮਨ-ਮਸਤਕ ਨੂੰ ਖੁਸ਼ੀਆਂ ਨਾਲ ਭਰ ਦੇਣਗੀਆਂ, ਜਿਨ੍ਹਾਂ ਸਾਹਮਣੇ ਤੁਹਾਡੀਆਂ ਇਹ ਤੁੱਛ ਅਸਫਲਤਾਵਾਂ ਬੌਣੀਆਂ ਦਿਸਣਗੀਆਂ। ਕਦੇ ਵੀ ਚੰਗੇ ਦਿਨਾਂ ਦੀ ਉਮੀਦ ਨਾ ਛੱਡੋ। ਤੁਸੀਂ ਅੰਦਾਜ਼ਾ ਵੀ ਨਹੀ ਲਗਾ ਸਕਦੇ ਕਿ ਆਉਣ ਵਾਲਾ ਕੱਲ੍ਹ ਤੁਹਾਡੇ ਲਈ ਕੀ ਕੁੱਝ ਲੈ ਕੇ ਆ ਸਕਦਾ ਹੈ।

ਯਾਦ ਰੱਖੋ, ਦੁਨੀਆਂ ਦੇ ਹੁਣ ਤੱਕ ਜਿੰਨੇ ਵੀ ਮਹਾਨ ਵਿਅਕਤੀ ਹੋਏ ਹਨ, ਉਨ੍ਹਾਂ ਨੂੰ ਮਹਾਨਤਾ ਦਾ ਦਰਜਾ ਐਵੇਂ ਨਹੀਂ ਮਿਲਿਆ। ਉਨ੍ਹਾਂ ਸਾਰਿਆਂ ਨੇ ਜ਼ਿੰਦਗੀ ਦੀਆਂ ਔਕੜਾਂ ਦਾ ਆਪਣੀ ਹਿੰਮਤ ਨਾਲ ਮੁਕਾਬਲਾ ਕੀਤਾ ਤੇ ਮੁਕਾਮ ਹਾਸਲ ਕੀਤੇ ਸਨ। ਹੌਸਲੇ ਬੁਲੰਦ ਹੋਣ ਤਾਂ ਮੰਜ਼ਿਲਾਂ ਸਰ ਕਰਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਆਪਣੇ ਆਪ ਦੂਰ ਹੋ ਜਾਂਦੀਆਂ ਹਨ। ਸੰਘਰਸ਼ ਦਾ ਪੈਂਡਾ ਤੈਅ ਕਰਨ ਲਈ ਹਿੰਮਤ ਦੀ ਲੋੜ ਹੁੰਦੀ ਹੈ। ਮੁਸੀਬਤ ਸਾਰਿਆਂ 'ਤੇ ਆਉਂਦੀ ਹੈ, ਕੋਈ ਬਿਖਰ ਜਾਂਦਾ ਹੈ ਤੇ ਕੋਈ ਆਪਣੇ ਬੁਲੰਦ ਇਰਾਦੇ ਨਾਲ ਇਨ੍ਹਾਂ ਦਾ ਮੁਕਾਬਲਾ ਕਰ ਕੇ ਨਿੱਖਰ ਜਾਂਦਾ ਹੈ। ਜੋ ਵਿਅਕਤੀ ਜ਼ਿੰਦਗੀ 'ਚ ਮਿਹਨਤ ਤੇ ਇਮਾਨਦਾਰੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੈ, ਉਸ ਨੂੰ ਸਫਲ ਜੀਵਨ ਜਿਊਣ ਤੋਂ ਕੋਈ ਰੋਕ ਨਹੀਂ ਸਕਦਾ। ਇਸ ਲਈ ਪ੍ਰਮਾਤਮਾ ਵਲੋਂ ਮਿਲੀ ਇਸ ਖ਼ੂਬਸੂਰਤ ਜ਼ਿੰਦਗੀ ਦੀ ਕਦਰ ਕਰਦੇ ਹੋਏ, ਆਏ ਦੁੱਖਾਂ ਦਾ ਹਿੰਮਤੀ ਜਜ਼ਬੇ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਕਿ ਖੁਸ਼ੀਆਂ-ਖੇੜਿਆਂ ਵਾਲੀ ਜ਼ਿੰਦਗੀ ਬਤੀਤ ਕੀਤੀ ਜਾ ਸਕੇ। ਕਿਸੇ ਸ਼ਾਇਰ ਨੇ ਖ਼ੂਬ ਲਿਖਿਆ ਹੈ-

' ਜੇ ਆਈ ਪੱਤਝੜ ਤਾਂ ਫੇਰ ਕੀ ਏ,
ਮੈਂ ਲੱਭ ਕੇ ਲਿਆਉਂਦਾ ਹਾਂ ਕਿਤੋਂ ਖੁਸ਼ੀਆਂ ਦੀਆਂ ਕਲਮਾਂ
ਤੂੰ ਇਨ੍ਹਾਂ ਨੂੰ ਬੀਜਣ ਲਈ ਜ਼ਮੀਨ ਤਿਆਰ ਰੱਖੀਂ।

ਖੁਸ਼ੀਆਂ ਦੀਆਂ ਕਲਮਾਂ ਉਗਾਉਣ ਲਈ ਹਿੰਮਤ, ਦ੍ਰਿੜ੍ਹ ਇਰਾਦੇ ਤੇ ਆਤਮਵਿਸ਼ਵਾਸ਼ ਦੇ ਸੁਹਾਗੇ ਨਾਲ ਜ਼ਿੰਦਗੀ ਦੇ ਉਬੜ-ਖਾਬੜ੍ਹ ਰਸਤਿਆਂ ਨੂੰ ਸਮਤਲ ਕਰਦੇ ਹੋਏ ਆਪਣੇ ਟੀਚੇ ਵੱਲ ਵਧਦੇ ਜਾਓ। ਮਹਾਨ ਦਾਰਸ਼ਨਿਕ ਕਨਫਿਊਸ਼ੀਅਸ ਦੇ ਕਥਨ ਅਨੁਸਾਰ:

' ਜੇ ਕਦੇ ਸਾਨੂੰ ਇਹ ਮਹਿਸੂਸ ਹੋਣ ਲੱਗੇ ਕਿ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਸਾਡੇ ਲਈ ਸੰਭਵ ਨਹੀਂ, ਤਾਂ ਆਪਣੇ ਟੀਚੇ ਨੂੰ ਬਦਲਣ ਦੀ ਥਾਂ, ਆਪਣੇ ਕੰਮ ਕਰਨ ਦੇ ਤਰੀਕੇ ਨੂੰ ਬਦਲੋ'।

ਪ੍ਰਮਾਤਮਾ ਨੇ ਜ਼ਿੰਦਗੀ ਬਖਸ਼ੀ ਹੈ, ਨਾ ਕਿਸੇ ਨੂੰ ਮਾੜੀ ਤੇ ਨਾ ਕਿਸੇ ਨੂੰ ਚੰਗੀ। ਇਸ ਨੂੰ ਮਾੜਾ ਜਾਂ ਚੰਗਾ ਬਣਾਉਣਾ ਵਿਅਕਤੀ 'ਤੇ ਨਿਰਬਰ ਕਰਦਾ ਹੈ। ਕਾਮਯਾਬੀ ਤੱਕ ਜਾਣ ਵਾਲੇ ਰਸਤੇ ਸਿੱਧੇ ਨਹੀਂ ਹੁੰਦੇ ਪਰ ਕਾਮਯਾਬੀ ਮਿਲਣ ਤੋਂ ਬਾਅਦ ਸਾਰੇ ਰਸਤੇ ਸਿੱਧੇ ਹੋ ਜਾਂਦੇ ਹਨ। ਜ਼ਿੰਦਗੀ ਦੀ ਖੇਡ ਇੱਕ ਬਕਸਿੰਗ ਦੀ ਖੇਡ ਵਰਗੀ ਹੈ ਜਿਸ ਵਿੱਚ ਖਿਡਾਰੀ ਡਿਗ ਵੀ ਪਵੇ ਤਾਂ ਉਸ ਦੀ ਹਾਰ ਦਾ ਐਲਾਨ ਨਹੀਂ ਹੁੰਦਾ। ਹਾਰ ਕੇਵਲ ਉਦੋਂ ਕਹੀ ਜਾਂਦੀ ਹੈ ਜਦੋਂ ਖਿਡਾਰੀ ਉੱਠਣ ਤੋਂ ਇਨਕਾਰ ਕਰ ਦਿਮਦਾ ਹੈ। ਇਸ ਲਈ ਜੇਕਰ ਬਾਰ-ਬਾਰ ਡਿਗ ਪਵੋ ਤਾਂ ਵੀ ਉੱਠਣ ਦੀ ਕੋਸ਼ਿਸ਼ ਕਰੋ, ਸਫਲਤਾਵਾਂ ਆਪਣੇ ਆਪ ਹੀ ਤੁਹਾਡੇ ਰਾਹ ਖਾਲੀ ਕਰੀ ਜਾਣਗੀਆਂ।

* * * * *

.......ਸਫਾ 9 ਦੀ ਬਾਕੀ

ਮੈਡੀਸਨ ਵਿੱਚ ਐਮ.ਡੀ ਕੀਤੀ। ਆਪ ਸੰਨ 2000 ਤੋਂ ਪੋਲੀਓ ਰੋਕਥਾਮ ਪ੍ਰੋਗਰਾਮ ਵਿੱਚ ਵਰਡ ਹੈਲਥ ਆਰਗੇਨਾਈਜ਼ੇਸ਼ਨ ਵਿੱਚ ਰਹੇ ਜਿੱਥੇ ਉਨ੍ਹਾਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਉੱਤਰਾ ਖੰਡ ਵਿੱਚ ਸੇਵਾ ਨਿਭਾਈ। ਇਸ ਸਮੇਂ ਉਹ ਯੂ.ਐਸ.ਏ, ਫਰਾਂਸ ਅਤੇ ਸ਼੍ਰੀ ਲੰਕਾ ਦੇਸ਼ਾਂ ਵਿੱਚ ਜਾਂਦੇ ਰਹੇ। ਸੰਨ 2012 ਵਿੱਚ ਆਪ ਸੀਨੀਅਰ ਮੈਡੀਕਲ ਅਫਸਰ ਪਦਉਨਤ ਹੋਏ। ਉਹ ਕੁੱਝ ਸਾਲ ਸਿਹਤ ਵਿਭਾਗ ਦੇ ਮੁੱਖ ਦਫਤਰ ਵਿੱਚ ਸਟੇਟ ਇਮੁਨਾਈਜ਼ੇਸ਼ਨ ਅਫਸਰ ਵੀ ਰਹੇ। ਇੱਥੋਂ ਹੀ ਉਹ 2020 ਵਿੱਚ ਸਿਵਲ ਸਰਜਨ ਬਰਨਾਲਾ ਤੇ ਫਿਰ ਮੁਹਾਲੀ ਰਹੇ।

ਇਸੇ ਸਾਲ ਜਨਵਰੀ, 2021 ਨੂੰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਨਿਯੁਕਤ ਕੀਤਾ ਹੈ। ਡਾਕਟਰ ਸਾਹਿਬ ਦੀ ਪਤਨੀ ਡਾਕਟਰ ਮਾਨਵਜੋਤ ਕੌਰ ਸ਼ਹੀਦ ਊਧਮ ਸਿੰਘ ਕਾਲਜ ਤੰਗੋਰੀ ਦੀ ਡਾਇਰੈਕਟਰ ਹਨ। ਉਨ੍ਹਾਂ ਦੇ ਵੱਡੇ ਪੁੱਤਰ ਡਾ. ਕਰਨਵੀਰ ਸਿੰਘ ਵਧੀਆ ਸਰਜਨ ਹਨ ਜਿਨ੍ਹਾਂ ਬਾਰੇ ਕੁੱਝ ਦਿਨ ਪਹਿਲਾਂ ਹੀ ਅਖਬਾਰਾਂ ਵਿੱਚ ਖਬਰਾਂ ਛਪੀਆਂ ਹਨ ਕਿ ਉਨ੍ਹਾਂ ਨੇ ਛਾਤੀ ਦੇ ਕੈਂਸਰ ਦਾ ਸਫਲ ਅਪ੍ਰੇਸ਼ਨ ਡੇਰਾ ਬਸੀ ਹਸਪਤਾਲ ਵਿੱਚ ਕੀਤਾ ਹੈ। ਡਾ. ਸਾਹਿਬ ਦੀ ਛੋਟੀ ਬੇਟੀ ਬੀ.ਬੀ.ਏ. ਦੀ ਵਿਦਿਆਰਥਣ ਹੈ।

ਸਿਹਤ ਖੇਤਰ ਵਿੱਚ ਅਦੁਤੀ ਦੇਣ ਸਦਕਾ ਆਪ ਦਾ ਪਰਿਵਾਰ ਲੋਕਾਂ ਵਿੱਚ ਸਤਿਕਾਰਯੋਗ ਹੈ। ਸਮੂਹ ਸੈਣੀ ਬਰਾਦਰੀ ਡਾ. ਗੁਰਿੰਦਰਬੀਰ ਸਿੰਘ ਜੀ ਦੀ ਕਾਮਯਾਬੀ 'ਤੇ ਮਾਣ ਮਹਿਸੂਸ ਕਰਦੀ ਹੈ।

## ਕਿਸਾਨ ਸੰਘਰਸ਼ ਨੂੰ ਸਮਰਪਿਤ

### ਗੀਤ

**ਸੁਰਜੀਤ ਜੱਜ**

( ਉਨ੍ਹਾਂ ਅਨਾੜੀ ਲੋਕਾਂ ਲਈ ਜੋ ਸਮਝੀ ਬੈਠੇ ਹਨ ਕਿ ਨਵੇਂ ਖੇਤੀ ਕਾਨੂੰਨ ਕੇਵਲ ਕਿਸਾਨੀ ਨੂੰ ਹੀ ਪ੍ਰਭਾਵਿਤ ਕਰਨਗੇ।)

ਤੂੰ ਕਿੰਝ ਆਲ੍ਹਣਾ ਸਾਂਭੇਂਗਾ,
ਜਦ ਬਿਰਖ ਉਨ੍ਹਾਂ ਕਟਵਾ ਦੇਣਾ।
ਤੂੰ ਮਰਦਾਂ ਚੰਦ ਸਿਆੜਾਂ ਨੂੰ,
ਉਨ੍ਹਾਂ ਪੂਰਾ ਦੇਸ਼ ਵਿਕਾ ਦੇਣਾ।

ਘਰ ਘਾਟ ਖੇਤ ਖਲਵਾੜ ਤੇਰੇ,
ਸਭ ਵਿੱਚ ਬਾਜ਼ਾਰ ਖੜ੍ਹਾ ਦਿੱਤੇ।
ਤੂੰ ਸਾਂਭੀ ਜਾਹ ਦਸਤਾਰਾਂ ਨੂੰ,
ਉਨ੍ਹਾਂ ਸਿਰ ਬੋਲੀ 'ਤੇ ਲਾ ਦਿੱਤੇ।
ਕੱਲ੍ਹ ਪਿੰਡ ਤੇਰੇ ਦੀਆਂ ਜੂਹਾਂ ਨੂੰ,
ਕਰ ਕੇ ਬੇਪਰਦ ਬਹਾ ਦੇਣਾ।
ਤੂੰ ਮਰਦਾਂ ਚੰਦ..........

ਜੜ੍ਹ ਧਰਮ ਇਮਾਨ ਦੀ ਪੁੱਟ ਸੁੱਟਣੀ,
ਨਫ਼ਰਤ ਦੇ ਮਲ੍ਹੇ ਉਗਾ ਦੇਣੇ।
ਤੂੰ ਸਾਂਭ ਤੇਗ ਤ੍ਰਿਸ਼ੂਲ ਉਨ੍ਹਾਂ,
ਤੇਰੇ ਹੱਥ ਹੀ ਗਹਿਣੇ ਪਾ ਦੇਣੇ।
ਤੂੰ ਗਾਧੀ ਠਾਹਰ ਜੋਬਨ ਦਾ,
ਪਾਣੀ ਨੂੰ ਮਵਾਤਾ ਲਾ ਦੇਣਾ।
ਤੂੰ ਮਰਦਾਂ ਚੰਦ .........।

ਪਰਦੇ 'ਚੋਂ ਕੱਢ ਕੇ ਮੁਜਰੇ ਨੂੰ,
ਤੇਰੇ ਵਿਹੜੇ ਵਿੱਚ ਸਜਾ ਰਹੇ ਨੇ।
ਧੀਆਂ ਦੇ ਨੰਗੇ ਜਿਸਮਾਂ 'ਤੇ,
ਤੈਨੂੰ ਕਰਨਾ ਮਾਣ ਸਿਖਾ ਰਹੇ ਨੇ।
ਵੇਂਹਦੇਂ ਵੇਂਹਦੇ ਘਰ ਘਰ ਨੂੰ,
ਕੌਰਵ ਦੀ ਸਭਾ ਬਣਾ ਦੇਣਾ।
ਤੂੰ ਮਰਦਾਂ ਚੰਦ...........।

ਵੇਖੀ ਜਾਹ ਹੁੰਦੇ ਚੀਰ ਹਰਨ,
ਛਾਵਾਂ ਦੇ ਵੀ ਮਾਵਾਂ ਦੇ ਵੀ।
ਕਿੰਨਾਂ ਚਿਰ ਹੌਕੇ ਸੁਣ ਲਏਂਗਾ,
ਜੂਹਾਂ ਦੇ ਵੀ ਰਾਹਾਂ ਦੇ ਵੀ।
ਫਿਰ ਕਿਸ ਕਿਸ ਰੁੱਖ ਨੂੰ ਰੋਵੇਂਗਾ,
ਜੰਗਲ ਹੀ ਜਦੋਂ ਜਲਾ ਦੇਣਾ।
ਤੂੰ ਮਰਦਾਂ ਚੰਦ...........।

ਜਲ ਪੌਣ ਅਗਨ ਜੋ ਤੇਰੇ ਨੇ,
ਕਲ੍ਹ ਉਹ ਵੀ ਤੇਰੇ ਨਈਂ ਰਹਿਣੇ।
ਇਹ ਮਿੱਟੀ ਜੋ ਹੈ ਮਾਂ ਤੇਰੀ,
ਜਾਂ ਬੈਅ ਹੋਊ ਜਾਂ ਪਊ ਗਹਿਣੇ।
ਚੁੱਪ ਤੋੜ, ਕਿ ਇਸ ਚੁੱਪ ਨੇ ਤੇਰਾ,
ਹਰ ਸੁਪਨਾ ਕਤਲ ਕਰਾ ਦੇਣਾ।

ਤੂੰ ਮਰਦਾਂ ਚੰਦ ਸਿਆੜਾਂ ਲਈ,
ਉਨ੍ਹਾਂ ਪੂਰਾ ਦੇਸ਼ ਵਿਕਾ ਦੇਣਾ।

❋ ❋ ❋ ❋ ❋



**ਜਤਿੰਦਰ ਲਸਾੜਾ**

ਕਿਸਾਨੀ ਨੂੰ ਬਚਾਉਣਾ ਹੈ
ਹੈ ਮੁਸ਼ਕਲ ਪਰ, ਸਬਰ ਰਖਿਓ,
ਅਸੀਂ ਹਾਕਮ ਹਰਾਉਣਾ ਹੈ।

ਮੈਂ ਪੁੱਤ ਧਰਤੀ ਦਾ ਹਾਂ, ਮੇਰਾ,
ਪਸੀਨਾ ਹੈ ਲਹੂ ਵਰਗਾ
ਮੇਰੇ ਭਾਰਤ, ਮੈਂ ਮਿਹਨਤ ਨੂੰ
ਤੇਰੇ ਮੱਥੇ 'ਤੇ ਲਾਉਣਾ ਹੈ।

ਨੇਤਾਵਾਂ ਦੀ ਮਿਹਰਬਾਨੀ,
ਬੜਾ ਕਰਜ਼ਾ ਵੀ ਹੈ ਸਿਰ 'ਤੇ
ਅਜੇ ਕੋਠਾ ਵੀ ਕੱਚਾ ਏ,
ਅਜੇ ਪੁੱਤ ਵੀ ਪੜ੍ਹਾਉਣਾ ਹੈ।

ਮੈਨੂੰ ਆਖੋ ਨਾ ਅੱਤਵਾਦੀ,
ਮੈਨੂੰ ਆਖੋ ਨਾ ਵੱਖਵਾਦੀ
ਮੇਰੇ ਖੇਤਾਂ 'ਚ ਰੱਬ ਵਸਦਾ,
ਇਹ ਦੁਨੀਆਂ ਨੂੰ ਦਿਖਾਉਣਾ ਹੈ।

ਅਜੇ ਛੋਟੀ ਵਿਆਹੁਣੀ ਹੈ,
ਅਜੇ ਮਾਂ ਦਾ ਵੀ ਹੱਜ ਬਾਕੀ,
'ਤੇ ਪੁਸ਼ਤਾਂ ਨੂੰ ਸਿਆਸਤ ਦੇ,
ਕਨੂੰਨਾਂ ਤੋਂ ਬਚਾਉਣਾ ਹੈ।

ਗੁਰੂ ਤੇਗ ਬਹਾਦਰ ਜੀ (1621-1675) ਦੇ 400 ਸਾਲਾ ਪ੍ਰਗਟ ਦਿਵਸ ਨੂੰ ਸਮਰਪਿਤ

# ਇੱਕ ਅਦੁੱਤੀ ਸਾਕਾ

ਸੁੱਚਾ ਸਿੰਘ ਲਸਾੜੀਆ (ਤੰਬੜ)



ਜਦੋਂ ਔਰੰਗਜ਼ੇਬ ਦੇ ਸ਼ਾਹੀ ਹੁਕਮਾਂ 'ਤੇ ਕਸ਼ਮੀਰ ਦੇ ਗਵਰਨਰ ਇਫਤਖਾਰ ਖਾਨ( ਸ਼ੇਰ ਅਫਗਨ ਖਾਨ) ਨੇ 1673-74 ਵਿੱਚ ਕਸ਼ਮੀਰੀ ਪੰਡਤਾਂ 'ਤੇ ਜ਼ੁਲਮ ਕਰਨਾ ਸ਼ੁਰੂ ਕੀਤਾ ਤਾਂ 25 ਮਈ 1675 ਨੂੰ ਮਿਟਨ ਪਿੰਡ ਦੇ ਵਾਸੀ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਵਿੱਚ ਇਕ ਵਫਦ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦੁਰ ਜੀ ਦੇ ਦਰਬਾਰ ਵਿੱਚ ਪੇਸ਼ ਹੋਇਆ। ਉਨ੍ਹਾਂ ਨੇ ਕਸ਼ਮੀਰੀ ਜਨਤਾ ਨਾਲ ਹੋ ਰਹੇ ਜ਼ੁਲਮ ਵਿਰੁੱਧ ਪੁਕਾਰ ਕੀਤੀ;

ਅਬਿ ਨੌਰੰਗ ਬਡ ਕੁਮਤ ਉਠਾਈ।
ਹਿੰਦੂ ਧਰਮ ਦੇਤਿ ਬਿਨਸਾਈ।
ਜਬਰੀ ਕਰਹਿ ਜੁਲਮ ਮਦ ਮਾਨੀ।
ਪੀੜਤ ਪ੍ਰਜਾ ਤ੍ਰਾਸ ਕੋ ਠਾਨੀ।
( ਗੁਰ ਪ੍ਰਤਾਪ ਸੂਰਜ ਗ੍ਰੰਥ)

ਬ੍ਰਾਹਮਣਾ ਦੀ ਪੁਕਾਰ ਬਹੁਤ ਦਰਦਨਾਕ ਸੀ। ਇਹ ਹਿੰਦੂ ਧਰਮ ਦੀ ਅੰਤਰੀ ਤੇ ਬਾਹਰੀ ਪੀੜਾ ਦੀ ਕੰਬਦੀ ਤਸਵੀਰ ਸੀ। ਗੁਰੂ ਸਾਹਿਬ ਸਮੁੱਚੇ ਹਿੰਦੂ ਜਗਤ ਨੂੰ ਔਰੰਗਜ਼ੇਬ ਦੀ ਖ਼ੂਨੀ ਤਲਵਾਰ ਤੋਂ ਬਚਾਉਣ ਲਈ ਇੱਕੋਇੱਕ ਆਸ ਦੀ ਕਿਰਨ ਸਨ।

ਤਬ ਸਤਿਗੁਰ ਇਵ ਮਨ ਠਹਿਰਾਈ।
ਬਿਨ ਸਿਰ ਦੀਏ ਜਗਤ ਦੁਖ ਪਾਈ।
( ਸ਼ਹੀਦ ਬਿਲਾਸ, ਸੇਵਾ ਸਿੰਘ)

ਨੌਵੇਂ ਗੁਰੂ ਜੀ ਆਪਣੇ ਤੋਂ ਵੱਖਰੇ ਧਰਮ ਦੇ ਅਸੂਲਾਂ (ਤਿਲਕ ਤੇ ਜਨੇਊ, ਜੋ ਹਿੰਦੂ ਧਰਮ ਦੀਆਂ ਨਿਸ਼ਾਨੀਆਂ ਹਨ) ਦੀ ਰੱਖਿਆ ਲਈ ਬੜੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਆਪਣਾ ਸਿਰ ਤਲੀ 'ਤੇ ਰੱਖ ਕੇ ਆਪਣੇ 'ਕਾਤਲ' ਵੱਲ ਦਿੱਲੀ ਰਵਾਨਾ ਹੋ ਗਏ ਤਾਂ ਜੋ ਉਨ੍ਹਾਂ ਦੇ ਸਰੀਰ ਤੋਂ ਨਿਕਲੀ ਹੋਈ ਖ਼ੂਨ ਦੀ ਹਰ ਬੂੰਦ ਜ਼ੁਲਮ ਹੇਠਾਂ ਦਬੇ ਹੋਏ ਮਜ਼ਲੂਮ ਲੋਕਾਂ ਦੇ ਸਰੀਰ ਗਰਮਾ ਸਕੇ ਤੇ ਉਨ੍ਹਾਂ ਵਿੱਚ ਜਬਰ-ਜ਼ੁਲਮ ਦੇ ਖ਼ਿਲਾਫ ਸਪਿਰਟ ਪੈਦਾ ਕਰਨ ਲਈ ਇੱਕ ਨਵੀਂ ਤਾਕਤ ਦੀ ਰੂਹ ਫੂੰਕੀ ਜਾ ਸਕੇ।

ਇਹ ਧਾਰਮਿਕ ਇਤਿਹਾਸ ਦਾ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਣ ਵਾਲਾ ਬਿਰਤਾਂਤ ਹੈ। ਲਾਲਾ ਦੌਲਤ ਰਾਇ ਆਪਣੀ ਪੁਸਤਕ 'ਮਹਾਂਬਲੀ' ਵਿੱਚ ਲਿਖਦਾ ਹੈ:- " ਆਜ ਤੱਕ ਯਿਹ ਤੋ ਹੁਆ ਹੈ ਕਿ ਕਾਤਲ ਮਕਤੂਲ ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਜਾਏ, ਐਸਾ ਕਰ ਕੇ ਗੁਰੂ ਤੇਗ ਬਹਾਦਰ ਜੀ ਨੇ ਉਲਟੀ ਗੰਗਾ ਬਹਾ ਦੀ"

ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਅੱਗੇ ਤਿੰਨ ਪ੍ਰਸ਼ਨ ਰੱਖੇ ਗਏ।

ਇਸਲਾਮ ਕਬੂਲ ਕਰ ਲਉ ਜਾਂ ਕਰਾਮਾਤ ਦਿਖਾਉ
ਜਾਂ ਮਰਨਾ ਪਰਵਾਨ ਕਰੋ।

ਗੁਰੂ ਜੀ ਨੇ ਮਰਨਾ ਕਬੂਲ ਕੀਤਾ। ਉਨ੍ਹਾਂ ਦੀ ਬਰਦਾਸ਼ਤ ਸ਼ਕਤੀ ਨੂੰ ਡੁਲਾਣ ਲਈ ਉਨ੍ਹਾਂ ਦੇ ਸਨਮੁੱਖ 10 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਤਿੰਨ ਪਿਆਰੇ ਸਿੱਖਾਂ- ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ, ਭਾਈ ਦਿਆਲ ਦਾਸ ਨੂੰ ਦੇਗ ਵਿੱਚ ਉਬਾਲ ਕੇ ਅਤੇ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸ਼ਹੀਦ ਕੀਤਾ ਗਿਆ। ਹਕੂਮਤ ਦਾ ਕਿਆਸ ਸੀ ਕਿ ਆਪਣੇ ਅਤਿ ਪਿਆਰੇ ਧਰਮਵੀਰਾਂ ਦੀ ਦਰਦਨਾਕ ਤੇ ਭਿਆਨਕ ਮੌਤ ਵੇਖ ਕੇ ਸਤਿਗੁਰੂ ਡੋਲ ਜਾਣਗੇ। ਪਰ ਗੁਰੂ ਜੀ ਨੂੰ ਤੁਰਕ ਹਾਕਮਾਂ ਦੇ ਡਰਾਵੇ ਆਪਣੇ ਨਿਸ਼ਚੇ ਤੋਂ ਡੇਗ ਨਾ ਸਕੇ। ਆਪ ਨੇ ਫੁਰਮਾਇਆ:-

ਸੀਸ ਹੈ ਸੁਫਨਾ ਇਸ ਅੰਤ ਹੈ ਜਾਣਾ।
ਰਜਾਇ ਸਾਈਂ ਦੀ ਸੀਸ,
ਪਰ ਜੋ ਹੋਵੈ ਉਸ ਦਾ ਭਾਣਾ।

ਇਸ ਤਰ੍ਹਾਂ ਦੇ ਕਸ਼ਟਾਂ ਨਾਲ ਵੀ ਜਦੋਂ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ ਤਾਂ ਸ਼ਾਹੀ ਹੁਕਮਾਂ ਨਾਲ ਉਨ੍ਹਾਂ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ, ਜਿਸ ਵਿੱਚ ਨੋਕਦਾਰ ਤਿੱਖੇ ਕਿੱਲ ਲੱਗੇ ਹੋਏ ਸਨ। ਪਿੰਜਰੇ ਵਿੱਚ ਖੜ੍ਹਿਆਂ ਰੱਖਣ ਦਾ ਹੁਕਮ ਵੀ ਹੋਇਆ। ਪਰ ਇਸ ਧਰਮ ਮੂਰਤ ਨੂੰ ਕੋਈ ਤਸ਼ੱਦਦ ਵੀ ਡੋਲਾਅ ਨਾ ਸਕਿਆ ਅਤੇ ਉਨ੍ਹਾਂ ਦੇ ਮੁਖੜੇ ਦਾ ਨੂਰ ਝੱਲਿਆ ਨਹੀਂ ਸੀ ਜਾਂਦਾ।

ਅੰਤ ਔਰੰਗਜ਼ੇਬ ਨੇ ਗੁਰੂ ਜੀ ਦੇ ਕਤਲ ਦਾ ਹੁਕਮ ਦਿੱਤਾ। ਇਹ 'ਧਰਮ ਹੇਤ ਸਾਕਾ' ਵੀਰਵਾਰ 11 ਨਵੰਬਰ 1675ਈ. ਨੂੰ ਚਾਂਦਨੀ ਚੌਂਕ ਦਿੱਲੀ ਜਿੱਥੇ ਅੱਜ ਕੱਲ੍ਹ ਗੁਰਦੁਆਰਾ ਸੀਸ ਗੰਜ ਹੈ, ਵਿਖੇ ਵਾਪਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਿਤਾ ਦੀ ਸ਼ਹਾਦਤ ਨੂੰ ਕਲਯੁੱਗ ਦਾ ਇੱਕ ਭਾਰੀ ਤੇ ਬੇਮਿਸਾਲ ਕਾਰਨਾਮਾ ਮੰਨਦਿਆਂ 'ਬਚਿੱਤ੍ਰ ਨਾਟਕ' ਵਿੱਚ ਜ਼ਿਕਰ ਕੀਤਾ ਹੈ:-

ਤਿਲਕ ਜੰਞੂ ਰਾਖਾ ਪ੍ਰਭ ਤਾਕਾ,
ਕੀਨੋ ਬਡੋ ਕਲੂ ਮਹਿ ਸਾਕਾ।।

ਸ਼ਹੀਦੀ ਸਾਕਾ ਹੁੰਦਿਆਂ ਸਾਰ ਚਹੁੰ ਪਾਸੇ ਹਾਹਾਕਾਰ ਮਚ ਗਈ ਤੇ ਅਜਿਹਾ ਗਰਦ-ਗੁਬਾਰ ਉੱਠਿਆ ਕਿ ਦਿੱਲੀ ਹਿੱਲਦੀ ਜਾਪੀ। 'ਪੰਥ ਪ੍ਰਕਾਸ਼'ਦੇ ਕਰਤਾ ਅਨੁਸਾਰ-

ਧਰ ਤੈ ਜੁਦਾ ਭਯੋ ਸਿਰ ਜਬੈ।

ਆਯੂ ਤੂਫਾਨ ਮੰਦੇ ਦ੍ਰਿਗ ਸਬੈ।

ਇਸ ਹਫੜਾ-ਦਫੜੀ ਸਮੇਂ ਤਿੰਨ ਰੰਗਰੇਟੇ ਸਿੱਖ ਜੁਅਰਤ ਕਰ ਕੇ ਆਪਣੀ ਜਾਨ 'ਤੇ ਖੇਡ ਕੇ ਗੁਰੂ ਸਾਹਿਬ ਦਾ ਪਵਿੱਤਰ ਸੀਸ ਅਨੰਦਪੁਰ ਲੈ ਗਏ। ਭੱਟ ਵਹੀ ਮੁਲਤਾਨੀ ਸਿੰਧੀ ਨੇ ਲਿਖਿਆ ਹੈ:-" ਜੇਟਾ ਬੇਟਾ ਆਗਿਆ ਰਾਮ ਕਾ, ਨਾਨੂ ਬੇਟਾ ਬਾਘੇ ਕਾ, ਅੱਡਾ ਬੇਟਾ ਖੇਮੇ ਕਾ, ਗੁਰੂ ਕਾ ਸੀਸ ਪਾਇ ਕੀਰਤਪੁਰ ਪਰਗਨਾ ਕਲਹੂਰ ਆਏ। ਸੰਬਤ ਸਤਾਰਾਂ ਸਾਇ ਬਤੀਸ, ਮੱਘਰ ਸੁਦੀ ਦਸਵੀਂ ਕੇ ਦਿਨ, ਗਿਆਰਾਂ ਕੋ ਦਾਗ ਦੀਆ ਮਾਖੋਵਾਲ ਮੇਂ"।

ਇਸ ਵਗਦੀ ਹਨੇਰੀ ਦੇ ਪਰਦੇ ਹੇਠ ਲੱਖੀ ਸ਼ਾਹ ਲੁਬਾਣੇ ਦੇ ਪੁੱਤਰ ਨਿਗਾਹੀਆ ਨੇ ਬੜੀ ਫੁਰਤੀ ਨਾਲ ਗੁਰੂ ਸਾਹਿਬ ਦੇ ਧੜ ਨੂੰ ਆਪਣੇ ਗੱਡੇ 'ਤੇ ਲੱਦ ਲਿਆ ਅਤੇ ਆਪਣੇ ਸੱਤ ਭਰਾਵਾਂ ਦੀ ਮਦਦ ਨਾਲ ਘਰ ਵਿੱਚ ਚਿਤਾ ਬਣਾ ਕੇ ਇਸ ਮਹਾਨ ਸ਼ਹੀਦ ਨੂੰ ਆਪਣੀ ਅੰਤਲੀ ਸ਼ਰਧਾਂਜਲੀ ਦਿੱਤੀ, ਜਿੱਥੇ ਅੱਜਕਲ੍ਹ ਗੁਰਦੁਆਰਾ ਰਕਾਬ ਗੰਜ ਸਥਾਪਤ ਹੈ।

ਬਖਤ ਮੱਲ (ਖਾਲਿਸਾਨਾਮਾ) ਦਾ ਕਹਿਣਾ ਹੈ ਕਿ ਸ਼ਹਾਦਤ ਵੇਲੇ ਇੱਕ ਫਕੀਰ ਨੇ, ਜਦ ਸ਼ਹੀਦ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਮ੍ਰਿਤਕ ਸਰੀਰ ਨੂੰ ਡਿੱਠਾ ਤਾਂ ਪੁਕਾਰ ਉੱਠਿਆ ਅਤੇ ਕਿਹਾ, " ਸੁਲਤਾਨ ਚੰਗਾ ਨਹੀਂ ਕੀਤਾ। ਇਸ ਸ਼ਹਾਦਤ ਕਾਰਨ ਐਸਾ ਬਗਾਵਤ ਦਾ ਤੂਫਾਨ ਉੱਠੇਗਾ ਜੋ ਸਾਰੀ ਦਿੱਲੀ ਨੂੰ ਆਪਣੀ ਲਪੇਟ ਵਿੱਚ ਲੈ ਲਵੇਗਾ ਤੇ ਦਿੱਲੀ ਉਜਾੜ ਕੇ ਰੱਖ ਦੇਵੇਗਾ"।

ਬਿਲਕੁਲ ਐਸਾ ਹੀ ਹੋਇਆ। ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਕਾਰਨ ਸਾਰੀ ਮੁਸਲਮਾਨ ਦੁਨੀਆਂ ਉਸ ਦਾ ਵਿਰੋਧ ਕਰਨ ਲੱਗੀ। ਇਤਿਹਾਸ ਗਵਾਹ ਹੈ ਕਿ ਕੋਤਵਾਲ ਦਿੱਲੀ, ਕਾਜ਼ੀ ਵਹਾਬ ਅਲੀ ਬੋਹਰਾ, ਜਿਸ ਫਤਵਾ ਦਿੱਤਾ ਸੀ, ਗੁਰੂ ਸਾਹਿਬ ਦੀ ਸ਼ਹੀਦੀ ਤੋਂ ਪੰਦਰਾਂ ਦਿਨਾਂ ਬਾਅਦ ਮਰ ਗਿਆ। ਦਿੱਲੀ ਦੀ ਕੋਤਵਾਲੀ ਦਾ ਕੋਤਵਾਲ ਖ਼ਵਾਜ਼ਾ ਅਬਦੁੱਲਾ ਚਾਂਦਨੀ ਚੌਂਕ ਦਾ ਸਾਕਾ ਵਰਤਣ ਦੇ ਤੁਰੰਤ ਪਿੱਛੋਂ ਮੁਗਲੀਆ ਹਕੂਮਤ ਤੋਂ ਅਸਤੀਫਾ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਪਹੁੰਚ ਕੇ ਚਰਨੀ ਜਾ ਲੱਗਾ ਤੇ ਬਾਕੀ ਉਮਰ ਉੱਥੇ ਹੀ ਕੱਟੀ। ਖ਼ਵਾਜਾ ਅਬਦੁੱਲਾ ਦਾ ਖਾਨਦਾਨ ਬੜੀ ਦੇਰ ਤੱਕ ਖਰੜ ਵਿਚ ਵਸਦਾ ਰਿਹਾ। ਇਤਿਹਾਸਕਾਰ ਜੇ.ਟੀ. ਵ੍ਹੀਲਰ ਲਿਖਦਾ ਹੈ ਕਿ ਇਸੇ ਘਟਨਾ ਕਾਰਨ ਮੱਕੇ ਦੇ ਮੁਫਤੀ ਨੇ ਔਰੰਗਜ਼ੇਬ ਵਲੋਂ ਭੇਜੀ ਭੇਂਟ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਰਾਨ ਦੇ ਸ਼ਾਹ ਅੱਬਾਸ ਨੇ ਆਪਣੇ ਮਹਿਲ ਵਿੱਚ ਲੱਗੀ ਔਰੰਗਜ਼ੇਬ ਦੀ ਫੋਟੋ ਨੂੰ ਮੁੱਕੇ ਮਾਰ ਮਾਰ ਕੇ ਚਕਨਾ-ਚੂਰ ਕਰ ਦਿੱਤਾ ਸੀ।

ਇਤਿਹਾਸਕਾਰ ਡਾ. ਇੰਦੂ ਭੂਸ਼ਨ ਬੈਨਰਜੀ ਨੇ ਇਸ ਸ਼ਹਾਦਤ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:-" ਇਸ ਪ੍ਰਕਾਰ ਗੁਰੂ ਦਾ ਬਲੀਦਾਨ ਨਿੱਜ ਦੀ ਅਹੂਤੀ ਸੀ ਅਰਥਾਤ ਧਰਮ ਲਈ ਆਪਣੀ ਇੱਛਾ ਨਾਲ ਦਿੱਤਾ ਹੋਇਆ ਬਲਿਦਾਨ"।

(ਪੁਸਤਕ, 'ਸਿੱਖੀ ਦੇ ਸੋਮੇ' ਵਿੱਚੋਂ)

ਸੂਫੀ ਕਹਾਣੀ

## ਸੱਚੀ ਲਗਨ

ਆਪਣੇ ਪ੍ਰੇਮੀ ਮਜਨੂੰ ਦੀ ਤਲਾਸ਼ ਵਿੱਚ ਲੈਲਾ ਰੋਂਦੀ ਕੁਰਲਾਂਦੀ ਪਾਗਲਾਂ ਵਾਂਗ ਮਾਰੂਥਲ ਵਿੱਚ ਨੂੰ ਟੱਕਰਾਂ ਮਾਰ ਰਹੀ ਸੀ। ਉਸ ਦਾ ਦਿਲ ਦਰਦ ਨਾਲ ਕੁਰਲਾ ਰਿਹਾ ਸੀ, ਪੈਰ ਕੋਲਿਆਂ ਵਾਂਗ ਭਖ ਰਹੀ ਰੇਤ ਨਾਲ ਸੜ ਰਹੇ ਸਨ, ਸਿਰ ਅੱਗ ਵਾਂਗ ਮਘ ਰਿਹਾ ਸੀ ਅਤੇ ਅੱਖਾਂ ਵਿੱਚੋਂ ਅੱਥਰੂ ਵਹਿ ਰਹੇ ਸਨ। ਲੈਲਾ ਦਾ ਸਰੀਰ ਦੁੱਖ ਨਾਲ ਕੰਬ ਰਿਹਾ ਸੀ, ਗਲ਼ਾ ਪਿਆਸ ਅਤੇ ਚੀਖਾਂ ਕਾਰਨ ਖੁਸ਼ਕ ਸੀ, ਪਰ ਉਸ ਨੇ ਆਪਣੇ ਮਜਨੂੰ ਦੀ ਖੋਜ ਛੱਡੀ ਨਹੀਂ। ਉਹ ਉਸ ਨੂੰ ਉੱਚੀ ਉੱਚੀ ਮਜਨੂੰ! ਮਜਨੂੰ ਪੁਕਾਰ ਰਹੀ ਸੀ। ਉਸ ਨੇ ਮਜਨੂ ਨੂੰ ਉਨ੍ਹਾਂ ਥਾਵਾਂ ਤੇ ਵੀ ਲੱਭਿਆ ਜਿੱਥੇ ਉਸ ਦੇ ਹੋਣ ਦੀ ਕੋਈ ਆਸ ਨਹੀਂ ਸੀ।

ਇਸ ਵਿਆਕੁਲਤਾ ਵਿੱਚ ਬੇਧਿਆਨੀ ਕਾਰਨ ਉਸ ਦਾ ਪੈਰ ਇੱਕ ਇਮਾਮ ਨਾਲ ਜਾ ਟਕਰਾਇਆ ਜੋ ਆਪਣੀ ਚਟਾਈ 'ਤੇ ਬੈਠਾ ਨਮਾਜ਼ ਪੜ੍ਹ ਰਿਹਾ ਸੀ। ਲੈਲਾ ਦਾ ਪੈਰ ਉਸ ਦੀ ਚਟਾਈ 'ਤੇ ਪਿਆ ਅਤੇ ਉਹ ਇਮਾਮ ਦੇ ਪਾਸੋਂ ਅੱਗੇ ਲੰਘ ਗਈ। ਇਸ ਨੂੰ ਬੇਅਦਬੀ ਸਮਝਿਆ ਗਿਆ ਕਿਉਂਕਿ ਚਟਾਈ 'ਤੇ ਕ਼ਾਬਾ ਸ਼ਰੀਬ ਦੀ ਫੋਟੋ ਸੀ ਜਿਸ ਅੱਗੇ ਇਮਾਮ ਨਮਾਜ਼ ਪੜ੍ਹਦਿਆਂ ਗੋਡਿਆਂ ਭਾਰ ਝੁੱਕਦਾ ਸੀ। ਗੁੱਸੇ ਨਾਲ ਲਾਲ ਹੋਇਆ ਇਮਾਮ ਖੜ੍ਹਾ ਹੋਇਆ ਅਤੇ ਲੈਲਾ 'ਤੇ ਚਿੱਲਾਇਆ, " ਪਾਪੀ ਔਰਤ! ਤੇਰਾ ਸਿਰ ਉਤਾਰ ਦੇਣਾ ਚਾਹੀਦਾ ਹੈ, ਕੀ ਤੈਨੂੰ ਦਿਸਦਾ ਨਹੀਂ ਕਿ ਮੈਂ ਖੁਦਾ ਦੇ ਘਰ ਵਾਲੀ ਕਾਬ੍ਹਾ ਸ਼ਰੀਫ਼ ਦੀ ਫੋਟੋ ਵਾਲੀ ਚਟਾਈ 'ਤੇ ਬੈਠ ਕੇ ਬੰਦਗੀ ਕਰ ਰਿਹਾ ਸੀ? ਇਹ ਮਜਨੂ ਕੌਣ ਹੈ ਜਿਸ ਨੂੰ ਤੂੰ ਆਵਾਜ਼ਾਂ ਮਾਰ ਰਹੀ ਹੈ? ਇਹ ਕੌਣ ਮਨੁੱਖ ਹੈ ਜਿਸ ਪਿੱਛੇ ਤੂੰ ਏਨੀ ਅੰਨ੍ਹੀ ਹੋ ਕੇ ਦੌੜ ਰਹੀ ਏਂ? ਕੀ ਤੈਨੂੰ ਪਤਾ ਤੂੰ ਕਿੰਨਾ ਵੱਡਾ ਗੁਨਾਹ ਕੀਤਾ ਹੈ?"

ਉਹ ਇੰਨਾ ਉੱਚੀ ਬੋਲ ਰਿਹਾ ਸੀ ਕਿ ਲੈਲਾ ਨੂੰ ਰੁਕਣਾ ਪਿਆ। ਉਸ ਨੇ ਆਪਣੀਆਂ ਅੱਖਾਂ ਖੋਲ੍ਹੀਆਂ, ਪਿੱਛੇ ਮੁੜ ਕੇ ਦੇਖਿਆ ਅਤੇ ਆਪਣੀ ਗਲਤੀ ਨੂੰ ਮਹਿਸੂਸ ਕੀਤਾ। ਉਹ ਪਿੱਛੇ ਮੁੜੀ। ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਰਹੇ ਸਨ ਅਤੇ ਵਾਲ ਖਿਲਰੇ ਹੋਏ ਸਨ। ਉਸ ਨੇ ਆਪਣਾ ਸਿਰ ਢਕਣ ਅਤੇ ਅੱਥਰੂ ਪੂੰਝਣ ਦੀ ਵੀ ਪ੍ਰਵਾਹ ਨਾ ਕੀਤੀ। ਇਸ ਹਾਲਤ ਵਿੱਚ ਹੀ ਉਸ ਨੇ ਇਮਾਮ ਵੱਲ ਦੇਖਿਆ ਅਤੇ ਬੋਲੀ, " ਜਨਾਬ ਇਮਾਮ! ਮੈਂ ਇੱਕ ਮਨੁੱਖ ਦੇ ਪਿਆਰ ਵਿੱਚ ਏਨੀ ਡੁੱਬੀ ਹੋਈ ਹਾਂ ਕਿ ਤੂੰ, ਤੇਰੀ ਨਮਾਜ ਵਾਲੀ ਚਟਾਈ ਅਤੇ ਕਾਬ੍ਹਾ ਸ਼ਰੀਫ਼ ਦੀ ਫੋਟੋ ਮੈਨੂੰ ਨਹੀਂ ਦਿਸੀ। ਇਸ ਕਾਰਨ ਚਟਾਈ ਉੱਤੇ ਪੈਰ ਰੱਖ ਕੇ ਅੱਗੇ ਲੰਘ ਗਈ ਹਾਂ। ਪਰ ਤੂੰ ਕਿਹੋ ਜਿਹੀ ਬੰਦਗੀ ਕਰ ਰਿਹਾ ਸੀ ਕਿ ਤੈਨੂੰ ਮੈਂ ਨਜ਼ਰ ਪੈ ਗਈ? ਮੈਂ ਇਕ ਨਾਸ਼ਵਾਨ ਸੰਸਾਰੀ ਮਨੁੱਖ ਦੇ ਪਿਆਰ ਵਿੱਚ ਡੁੱਬੀ ਸੀ। ਇਸ ਪਿਆਰ ਨੇ ਮੈਨੂੰ ਏਨਾ ਵਿਆਕੁਲ ਕਰ ਦਿੱਤਾ ਕਿ

ਬਾਕੀ ਸਫਾ 27 'ਤੇ....




ਸ਼ਾਤੀ ਨੋਬਲ ਪੁਰਸਕਾਰ ਵਿਜੇਤਾ ਖੇਤੀ ਵਿਗਿਆਨੀ

# ਡਾ. ਨੌਰਮਨ ਈ ਬੋਰਲਾਗ

* ਡਾ. ਰਣਜੀਤ ਸਿੰਘ, ਲੁਧਿਆਣਾ

ਨੋਬਲ ਪੁਰਸਕਾਰ, ਵਿਸ਼ਵ ਪੱਧਰੀ ਵਕਾਰੀ ਸਨਮਾਨ ਹਨ ਜੋ ਹਰ ਸਾਲ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਮੈਡੀਕਲ ਵਿਗਿਆਨ, ਅਰਥ ਵਿਗਿਆਨ, ਸਾਹਿਤ ਤੇ ਵਿਸ਼ਵ ਸ਼ਾਂਤੀ ਦੇ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ। ਸ਼ਾਂਤੀ ਪੁਰਸਕਾਰ ਹਮੇਸ਼ਾਂ ਉਸ ਰਾਜਨੀਤਿਕ, ਸਮਾਜਸੇਵੀ ਵਿਅਕਤੀ ਜਾਂ ਸੰਸਥਾ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਸੰਸਾਰ ਵਿੱਚ ਸ਼ਾਂਤੀ ਪੈਦਾ ਕਰਨ ਲਈ ਕੋਈ ਵਿਸ਼ੇਸ਼ ਕਾਰਜ ਕੀਤਾ ਹੋਵੇ। ਕੇਵਲ ਇੱਕ ਹੀ ਖੇਤੀ ਵਿਗਿਆਨੀ ਹੈ ਜੋ ਸ਼ਾਂਤੀ ਪੁਰਸਕਾਰ ਹਾਸਲ ਕਰਨ ਵਿੱਚ ਕਾਮਯਾਬ ਹੋਇਆ ਹੈ। ਇਸ ਦਾ ਕਾਰਨ 1980 ਵਿੱਚ ਇਹ ਇਨਾਮ ਦੇਣ ਲਈ ਚੋਣ ਕਮੇਟੀ ਦੇ ਪ੍ਰਧਾਨ ਅਸੀਂਲਾਇਉਨੀਜ ਨੇ ਇਹ ਕਹਿ ਕੇ ਸਪਸ਼ਟ ਕੀਤਾ ਸੀ, "ਅਸੀਂ ਇਹ ਇਨਾਮ ਦੇਣ ਦਾ ਫ਼ੈਸਲਾ ਇਸ ਕਰਕੇ ਕੀਤਾ ਹੈ ਕਿਉਂਕਿ ਅਸੀਂ ਸਮਝਦੇ ਹਾਂ ਕਿ ਸੰਸਾਰ ਵਿੱਚੋਂ ਭੁੱਖਮਰੀ ਦੂਰ ਹੋਣ ਨਾਲ ਹੀ ਵਿਸ਼ਵ ਸ਼ਾਂਤੀ ਸਥਾਪਿਤ ਹੋ ਸਕੇਗੀ"। ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਆਬਾਦੀ ਭੁੱਖਮਰੀ ਵੱਲ ਵੱਧ ਰਹੀ ਸੀ। ਭਾਰਤ ਅਤੇ ਪਾਕਿਸਤਾਨ ਇਸ ਤੋਂ ਸਭ ਨਾਲੋਂ ਵੱਧ ਪੀੜਤ ਸਨ। ਕੁਝ ਪੱਛਮੀ ਚਿੰਤਕਾਂ ਨੇ ਇਹ ਭਵਿੱਖਬਾਣੀ ਕਰ ਦਿੱਤੀ ਸੀ ਕਿ ਭਾਰਤੀ ਖਿੱਤਾ ਕੁਝ ਸਾਲਾਂ ਤੱਕ ਭੁੱਖਮਰੀ ਦਾ ਸ਼ਿਕਾਰ ਹੋ ਜਾਵੇਗਾ ਜਿਸ ਨਾਲ ਇੱਥੇ ਅਰਾਜਕਤਾ ਤੇ ਖਾਨਾਜੰਗੀ ਸ਼ੁਰੂ ਹੋ ਜਾਵੇਗੀ। ਕੁਝ ਹੱਦ ਤੱਕ ਇਹ ਸੱਚ ਵੀ ਸੀ ਕਿਉਂਕਿ ਦੇਸ਼ ਕਣਕ ਵਿਦੇਸ਼ਾਂ ਤੋਂ ਮੰਗਵਾ ਕੇ ਗੁਜ਼ਾਰਾ ਕਰ ਰਿਹਾ ਸੀ। ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ 1965 ਦੀ ਲੜਾਈ ਇਸ ਪਾਸੇ ਸੰਕੇਤ ਵੀ ਦੇ ਰਹੀ ਸੀ। ਉਦੋਂ ਖੇਤੀ ਵਿਗਿਆਨ ਵਿੱਚ ਇਕ ਅਜਿਹੀ ਕਰਾਮਾਤ ਹੋਈ ਜਿਸ ਨੇ ਇਸ ਭਵਿੱਖਬਾਣੀ ਨੂੰ ਨਕਾਰ ਦਿੱਤਾ ਅਤੇ ਭਾਰਤ ਕੇਵਲ ਪੰਜਾਂ ਸਾਲਾਂ ਵਿੱਚ ਹੀ ਅਨਾਜ ਦੇ ਮਾਮਲੇ ਵਿੱਚ ਆਤਮ-ਨਿਰਭਰ ਬਣ ਗਿਆ।

ਇਸ ਕਰਾਮਾਤ ਦੇ ਕਰਤਾ ਦਾ ਨਾਮ ਨੌਰਮਨ ਈ ਬੋਰਲਾਗ ਹੈ, ਜਿਸ ਦਾ ਜਨਮ 25 ਮਾਰਚ 1914 ਨੂੰ ਅਮਰੀਕਾ ਦੇ ਆਈਓਬਾ ਸੂਬੇ ਵਿੱਚ ਹੋਇਆ। ਇਨ੍ਹਾਂ ਨੇ ਪੀ.ਐਚ.ਡੀ. ਦੀ ਡਿਗਰੀ ਮਿਨੀਸੋਟਾ ਯੂਨੀਵਰਸਿਟੀ ਤੋਂ 1942 ਵਿੱਚ ਪ੍ਰਾਪਤ ਕੀਤੀ। ਇਸ ਖੇਤੀ ਵਿਗਿਆਨੀ ਨੇ ਆਪਣੀ ਪੜ੍ਹਾਈ ਪੂਰੀ ਕਰਕੇ 1944 ਵਿੱਚ ਮੈਕਸੀਕੋ ਵਿੱਚ ਸਥਾਪਿਤ ਹੋਏ ਅੰਤਰਰਾਸ਼ਟਰੀ ਕਣਕ ਤੇ ਮੱਕੀ ਖੋਜ ਕੇਂਦਰ ਵਿੱਚ ਨੌਕਰੀ ਸ਼ੁਰੂ ਕੀਤੀ। ਉਹ ਫ਼ਸਲਾਂ ਦੀਆਂ ਬਿਮਾਰੀਆਂ ਦੇ ਮਾਹਿਰ ਸਨ। ਉਨ੍ਹਾਂ ਨੂੰ ਕੁੰਗੀਰਹਿਤ ਕਣਕ ਦੀ ਕਿਸਮ ਵਿਕਸਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਉੱਤੇ ਸਿਰੜ ਨਾਲ ਦੋ ਦਹਾਕੇ ਕੰਮ ਕਰਦੇ ਰਹੇ। ਬੇਸ਼ੱਕ ਉਹ ਫ਼ਸਲਾਂ ਦੀਆਂ ਅਜਿਹੀਆਂ ਕਿਸਮਾਂ ਲੱਭਣ ਵਿੱਚ ਸਫ਼ਲ ਹੋ ਗਏ, ਜਿਹੜੀਆਂ ਬਿਮਾਰੀ ਦਾ ਟਾਕਰਾ ਕਰ ਸਕਦੀਆਂ ਸਨ, ਪਰ ਇਹ ਫ਼ਸਲਾਂ ਲੰਮੇ ਕੱਦ ਦੀਆਂ ਹੋਣ ਕਰਕੇ ਢਹਿ ਜਾਂਦੀਆਂ ਸਨ। ਉਦੋਂ ਹੀ ਉਨ੍ਹਾਂ ਨੂੰ ਜਾਪਾਨ ਵਿੱਚ ਮਧਰੇ ਕੱਦ ਦੀ ਕਣਕ ਬਾਰੇ ਪਤਾ ਲੱਗਾ। ਉਥੋਂ ਮਧਰੀਆਂ ਕਿਸਮਾਂ ਦੇ ਬੀਜ ਲਿਆ ਕੇ ਉਨ੍ਹਾਂ ਖੋਜ ਸ਼ੁਰੂ ਕੀਤੀ। ਜਦੋਂ ਡਾ. ਬੋਰਲਾਗ ਇਨ੍ਹਾਂ ਦੋਵਾਂ ਕਣਕਾਂ ਉੱਤੇ ਕੰਮ ਕਰ ਰਹੇ ਸਨ ਤਾਂ ਉਹ ਅਜਿਹੀ ਕਿਸਮ ਵਿਕਸਿਤ ਕਰਨ ਵਿੱਚ ਸਫ਼ਲ ਹੋ ਗਏ ਜਿਸ ਦਾ ਕੱਦ ਮਧਰਾ ਸੀ ਅਤੇ ਇਸ ਵਿੱਚ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਅਤੇ ਝਾੜ ਵੱਧ ਦੇਣ ਦੀ ਸ਼ਕਤੀ ਸੀ। ਇਨ੍ਹਾਂ ਕਣਕਾਂ ਨੇ ਮੈਕਸੀਕੋ ਵਿੱਚ ਕਣਕ ਦੀ ਪੈਦਾਵਾਰ ਵਿੱਚ ਚੋਖਾ ਵਾਧਾ ਕੀਤਾ। ਇਸ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਨੇ ਨਵੀਆ ਕਿਸਮਾਂ ਵਿਕਸਿਤ ਕਰਨ ਦਾ ਪ੍ਰੋਗਰਾਮ ਬਣਾਇਆ। ਉਹ ਆਪਣੀਆਂ ਕੋਸ਼ਿਸ਼ਾਂ ਵਿੱਚ ਸਫ਼ਲ ਹੋਏ ਤੇ ਉਨ੍ਹਾਂ ਲਰਮਾ ਰਾਜੋ 64, ਸਨੋਰਾ 64 ਅਤੇ ਸੁਪਰ 10 ਕਿਸਮਾਂ ਵਿਕਸਿਤ ਕਰ ਲਈਆਂ। ਉਦੋਂ ਭਾਰਤ ਵਿੱਚ ਵਿਸ਼ਵ ਪ੍ਰਸਿੱਧ ਵਿਗਿਆਨੀ ਡਾ. ਬੀ.ਪੀ ਪਾਲ ਭਾਰਤੀ ਖੇਤੀ ਖੋਜ ਸੰਸਥਾ ਦੇ ਮੱਖੀ ਸਨ। ਡਾ. ਸਵਾਮੀਨਾਥਨ ਦੀ ਸਲਾਹ ਨਾਲ ਉਨ੍ਹਾਂ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਕਿ ਡਾ. ਬੋਰਲਾਗ ਨੂੰ ਦੇਸ਼ ਵਿੱਚ ਬੁਲਾਇਆ ਜਾਵੇ। ਡਾ. ਬੋਰਲਾਗ ਮਾਰਚ 1963 ਵਿੱਚ ਆਪਣੇ ਸਾਥੀ ਐਨਡਰਸਨ ਨਾਲ ਭਾਰਤ ਆਏ ਤੇ ਇੱਕ ਕੁਇੰਟਲ ਨਵੀਆਂ ਕਿਸਮਾਂ ਦਾ ਬੀਜ ਵੀ ਲੈ ਕੇ ਆਏ। ਇਨ੍ਹਾਂ ਕਿਸਮਾਂ ਉੱਤੇ ਦਿੱਲੀ,ਪੰਤ ਨਗਰ ਅਤੇ ਲੁਧਿਆਣੇ ਵਿੱਚ ਖੋਜ ਸ਼ੁਰੂ ਹੋਈ। ਨਤੀਜੇ ਵਜੋਂ ਭਾਰਤ ਵਿੱਚ ਇਨ੍ਹਾਂ ਕਿਸਮਾਂ ਦਾ ਸੁਧਾਰ ਕਰਕੇ ਪੀ ਬੀ-18 ਅਤੇ ਕਲਿਆਣ ਸੋਨਾ ਨਾਂਅ ਹੇਠ ਵੱਧ ਝਾੜ ਦੇਣ ਵਾਲੀਆਂ ਮੱਧਰੇ ਕੱਧ ਦੀਆਂ ਕਣਕ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ। ਨਵੀਆਂ ਕਿਸਮਾਂ ਨੂੰ ਸਭ ਤੋਂ ਪਹਿਲਾਂ ਅਤੇ ਤੇਜ਼ੀ ਨਾਲ ਪੰਜਾਬ ਦੇ ਕਿਸਾਨਾਂ ਨੇ ਅਪਣਾਇਆ। ਇਸ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੀ ਵੀ ਅਹਿਮ ਭੂਮਿਕਾ ਹੈ। ਸੰਨ 1965 ਤੱਕ ਦੇਸ਼ ਵਿੱਚ ਕੇਵਲ ਇੱਕ ਕਰੋੜ ਟਨ ਕਣਕ ਪੈਦਾ ਹੁੰਦੀ ਸੀ ਜਿਹੜੀ ਕਿ 1970 ਵਿੱਚ ਵੱਧ ਕੇ ਢਾਈ ਕਰੋੜ ਟਨ ਹੋ ਗਈ। ਉਦੋਂ ਪੰਜਾਬ ਖੇਤੀਬਾੜੀ



ਯੂਨੀਵਰਸਿਟੀ ਲੁਧਿਆਣਾ ਵਿਖੇ ਪੌਦ ਨਸਲਕਸ਼ੀ ਵਿਭਾਗ ਦੇ ਮੁਖੀ ਡਾ. ਦਿਲਬਾਗ ਸਿੰਘ ਅਟਵਾਲ ਸਨ। ਇਨ੍ਹਾਂ ਨੂੰ ਭਾਰਤ ਸਰਕਾਰ ਨੇ ਪਦਮ-ਭੂਸ਼ਨ ਦੇ ਸਨਮਾਨ ਨਾਲ ਨਿਵਾਜਿਆ। ਜਿਹੜਾ ਦੇਸ਼ ਭੁੱਖਮਰੀ ਦੇ ਕੰਢੇ ਖੜ੍ਹਾ ਸੀ, ਉਹ ਅਨਾਜ ਵਿੱਚ ਆਤਮ -ਨਿਰਭਰ ਹੋ ਗਿਆ।

ਡਾ. ਬੋਰਲਾਗ ਨੂੰ ਵਿਕਾਸਸ਼ੀਲ ਦੇਸ਼ਾਂ ਵਿੱਚੋਂ ਭੁੱਖਮਰੀ ਦੂਰ ਕਰਨ ਵਾਲਾ ਫਰਿਸ਼ਤਾ ਮੰਨਿਆ ਜਾਂਦਾ ਹੈ। ਇਸ ਦੇਣ ਲਈ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ। ਉਨ੍ਹਾਂ ਨੂੰ 1980 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ।' ਡਾ. ਬੋਰਲਾਗ ਨੇ ਇਸ ਇਨਾਮ ਦੀ ਪ੍ਰਾਪਤੀ ਸਮੇਂ ਆਖਿਆ ਸੀ "ਮੈਨੂੰ ਇਸ ਇਨਾਮ ਲਈ ਚੁਣ ਕੇ ਇਹ ਮੰਨਿਆ ਗਿਆ ਹੈ ਕਿ ਖੇਤੀ ਅਤੇ ਭੋਜਨ ਦੀ ਇਸ ਸੰਸਾਰ ,ਜੋ ਇਸ ਸਮੇਂ ਭੁੱਖਾ ਹੈ,ਵਿੱਚ ਸ਼ਾਂਤੀ ਸਥਾਪਤੀ ਅਤੇ ਰੋਟੀ ਦੇਣ ਵਿੱਚ ਅਹਿਮ ਭੂਮਿਕਾ ਹੈ। ਖੇਤੀ ਖੋਜ ਅਤੇ ਭੋਜਨ ਵਿਗਿਆਨ ਲਈ ਕੋਈ ਨੋਬਲ ਇਨਾਮ ਨਹੀਂ ਹੈ।

ਉਨ੍ਹਾਂ ਨੇ ਇਸ ਘਾਟ ਦੀ ਪੂਰਤੀ ਲਈ ਆਪ ਵਿਸ਼ਵ ਲਈ ਭੋਜਨ-ਇਨਾਮ ਸਥਾਪਿਤ ਕੀਤਾ। ਇਹ ਇਨਾਮ 1986 ਵਿੱਚ ਉਨ੍ਹਾਂ ਵਿਗਿਆਨੀਆਂ ਨੂੰ ਉਤਸ਼ਾਹਿਤ ਕਰਨ ਲਈ ਕਾਇਮ ਕੀਤਾ ਗਿਆ, ਜਿਹੜੇ ਸੰਸਾਰ ਵਿੱਚ ਭੋਜਨ ਦੀ ਗੁਣਵੱਤਾ, ਉਪਜ ਅਤੇ ਇਸ ਦੇ ਵਾਧੇ ਲਈ ਯਤਨ ਕਰ ਰਹੇ ਹਨ। ਇਹ ਵੀ ਮਾਣ ਦੀ ਗੱਲ ਹੈ ਕਿ ਪਹਿਲਾ ਵਿਸ਼ਵ ਭੋਜਨ-ਇਨਾਮ, ਭਾਰਤੀ ਵਿਗਿਆਨੀ ਡਾ. ਐਮ. ਐਸ. ਸਵਾਮੀਨਾਥਨ ਨੂੰ ਦਿੱਤਾ ਗਿਆ। ਦੂਜੇ ਵਰ੍ਹੇ ਵੀ ਇਹ ਇਨਾਮ ਇੱਕ ਪੰਜਾਬੀ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼ ਹੋਰਾਂ ਨੂੰ ਦਿੱਤਾ ਗਿਆ, ਜਿਨ੍ਹਾਂ ਨੂੰ ਸੰਸਾਰ ਵਿੱਚ ਝੋਨੇ ਦੇ ਇਨਕਲਾਬ ਦਾ ਮੋਢੀ ਮੰਨਿਆ ਜਾਂਦਾ ਹੈ। ਡਾ. ਬੋਰਲਾਗ ਨੂੰ ਟੈਕਸਾਸ ਯੂਨੀਵਰਸਿਟੀ ਨੇ 1984 ਵਿੱਚ ਉਮਰ ਭਰ ਲਈ ਅੰਤਰਰਾਸ਼ਟਰੀ ਖੇਤੀ ਦਾ ਵਿਸ਼ੇਸ਼ ਪ੍ਰੋਫੈਸਰ ਬਣਾ ਦਿੱਤਾ, ਜਿੱਥੇ ਉਹ ਆਖਰੀ ਸਮੇਂ ਤੱਕ ਕੰਮ ਕਰਦੇ ਰਹੇ। ਪੰਜਾਬ ਦੇ ਕਿਸਾਨਾਂ ਨੇ ਵੀ ਉਹਨਾਂ ਦਾ ਸਨਮਾਨ ਸੋਨੇ ਦੇ ਤਮਗੇ ਨਾਲ ਕੀਤਾ।

ਡਾ. ਬੋਰਲਾਗ ਨੂੰ ਭਾਰਤ ਅਤੇ ਪੰਜਾਬ ਨਾਲ ਵਿਸ਼ੇਸ਼ ਲਗਾਅ ਸੀ। ਉਹ ਲਗਭਗ ਹਰੇਕ ਵਰ੍ਹੇ ਭਾਰਤ ਦਾ ਦੌਰਾ ਕਰਦੇ ਅਤੇ ਇੱਥੋਂ ਦੇ ਖੇਤੀ ਵਿਗਿਆਨੀਆਂ ਨੂੰ ਉਤਸ਼ਾਹਿਤ ਕਰਦੇ ਸਨ। ਪੰਜਾਬ ਅਤੇ ਪੰਜਾਬ ਯੂਨੀਵਰਸਿਟੀ ਉਨ੍ਹਾਂ ਲਈ ਵਿਸ਼ੇਸ਼ ਖਿੱਚ ਰੱਖਦੇ ਸਨ ਕਿਉਂਕਿ ਇੱਥੇ ਹੀ ਉਨ੍ਹਾਂ ਦੇ ਸੁਪਨੇ ਸਾਕਾਰ ਹੋਏ ਅਤੇ ਸੰਸਾਰ ਦੇ ਘੱਟੋ-ਘੱਟ ਸੌ ਕਰੋੜ ਵਿਅਕਤੀਆਂ ਨੂੰ ਭੁੱਖਮਰੀ ਤੋਂ ਬਚਾਇਆ ਜਾ ਸਕਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਲਵਰ ਜੁਬਲੀ ਕਨਵੋਕੇਸ਼ਨ ਵਿੱਚ ਉਹ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਾਮਿਲ ਹੋਏ। ਹਰਾ ਇਨਕਲਾਬ ਆਪਣੇ ਪੂਰੇ ਜੋਬਨ ਉੱਤੇ ਸੀ। ਯੂਨੀਵਰਸਿਟੀ ਨੇ ਆਪਣੇ ਪੰਜ ਵਿਦਿਆਰਥੀਆਂ ਅਤੇ ਸੰਸਾਰ ਪ੍ਰਸਿੱਧ ਵਿਗਿਆਨੀਆਂ ਡਾ. ਗੁਰਦੇਵ ਸਿੰਘ ਖੁਸ਼, ਡਾ. ਦਿਲਬਾਗ ਸਿੰਘ ਅਟਵਾਲ, ਡਾ. ਨਰਿੰਦਰ ਸਿੰਘ ਰੰਧਾਵਾ, ਡਾ.ਡੀ ਆਰ ਭੁੰਬਲਾ ਅਤੇ ਡਾ. ਏ ਐਸ ਕਾਹਲੋਂ ਨੂੰ ਡਾਕਟਰੇਟ ਦੀ ਡਿਗਰੀ ਦੇ ਕੇ ਸਨਮਾਨਿਤ ਕੀਤਾ।

ਜਦੋਂ ਡਾ.ਖੇਮ ਸਿੰਘ ਗਿੱਲ ( ਉੱਘੇ ਕਣਕ ਵਿਗਿਆਨੀ) ਵਾਈਸ ਚਾਂਸਲਰ ਸਨ ਤਾਂ ਕਣਕ ਨਾਲ ਸੰਬੰਧਿਤ ਇੱਕ ਪ੍ਰਯੋਗਸ਼ਾਲਾ ਡਾ. ਬੋਰਲਾਗ ਦੇ ਨਾਂਅ ਤੇ ਸਥਾਪਿਤ ਕੀਤੀ ਗਈ ਜਿਸ ਦਾ ਉਦਘਾਟਨ ਵੀ ਡਾ.ਬੋਰਲਾਗ ਨੇ ਆਪਣੇ ਹੱਥੀਂ ਕੀਤਾ ਸੀ। ਹੁਣ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਹੋਰਾਂ ਕਣਕ ਆਡੀਟੋਰੀਅਮ ਦਾ ਨਾਮ ਵੀ ਡਾ. ਬੋਰਲਾਗ ਹਾਲ ਰੱਖ ਦਿੱਤਾ ਹੈ।ਇੰਝ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਉਹਨਾਂ ਦੀ ਯਾਦ ਹਮੇਸ਼ਾਂ ਲਈ ਕਾਇਮ ਹੋ ਗਈ ਹੈ। ਇਸ ਯੂਨੀਵਰਸਿਟੀ ਵਿੱਚ ਕਣਕ ਅਤੇ ਮੱਕੀ ਦੀ ਖੋਜ ਨਾਲ ਸੰਬੰਧਿਤ ਲਗਭਗ ਸਾਰੇ ਵਿਗਿਆਨੀਆਂ ਨੂੰ ਉਨ੍ਹਾਂ ਮੈਕਸੀਕੋ ਬੁਲਾਇਆ ਅਤੇ ਉੱਥੇ ਸਿਖਲਾਈ ਦਿੱਤੀ। ਇਸ ਦੇ ਨਾਲ ਹੀ ਕਣਕ ਦੀਆਂ ਨਵੀਆਂ ਕਿਸਮਾਂ ਦੇ ਬੀਜ ਬੀਜੇ।ਇਸ ਸਮੇਂ ਪੰਜਾਬ ਵਿੱਚ ਸਾਰੀਆਂ ਫ਼ਸਲਾਂ ਦੇ ਮੁਕਾਬਲੇ ਕਣਕ ਸਭ ਤੋਂ ਵੱਧ ਰਕਬੇ, 35 ਲੱਖ ਹੈਕਟਅਰ ਵਿੱਚ ਬੀਜੀ ਜਾਂਦੀ ਹੈ। ਪੰਜਾਬ ਅਤੇ ਭਾਰਤ ਵਿੱਚ ਕਾਸ਼ਤ ਕੀਤੀਆਂ ਜਾ ਰਹੀਆਂ ਕਣਕ ਦੀਆ ਲਗਭਗ ਸਾਰੀਆਂ ਕਿਸਮਾਂ ਦਾ ਆਧਾਰ ਮੈਕਸੀਕੋ ਤੋਂ ਪ੍ਰਾਪਤ ਮੁੱਢਲਾ ਬੀਜ ਹੀ ਹੈ ।

ਪਿਛਲੀ ਵਾਰ ਜਦੋਂ ਉਹ ਲੁਧਿਆਣੇ ਆਏ ਸਨ ਤਾਂ 90 ਸਾਲ ਪਾਰ ਕਰ ਚੁੱਕੇ ਸਨ, ਪਰ ਉਨ੍ਹਾਂ ਦੀ ਤੋਰ ਅਤੇ ਆਵਾਜ਼ ਵਿੱਚ ਤਿੱਖਾਪਨ ਪਹਿਲਾਂ ਵਾਲਾ ਹੀ ਸੀ। ਉਹ ਪੰਜਾਬ ਵਿੱਚ ਹਰੇ ਇਨਕਲਾਬ ਦੇ ਜਨਮਦਾਤਾ ਸਨ। ਪੰਜਾਬ ਦੇਸ਼ ਦੇ ਅੰਨ ਭੰਡਾਰ ਵਿੱਚ 60 ਫ਼ੀਸਦੀ ਕਣਕ ਪਿਛਲੇ ਤਿੰਨ ਦਹਾਕਿਆਂ ਤੋਂ ਦੇ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਵੱਧ ਰਹੀ ਆਬਾਦੀ ਦੀਆਂ ਭੋਜਨ ਲੋੜਾਂ ਪੂਰੀਆਂ ਕਰਨੀਆਂ ਹਨ ਤਾਂ ਸਾਨੂੰ ਖੇਤੀ ਖੋਜ ਲਈ ਨਵੀਆਂ ਤਕਨੀਕਾਂ ਜਿਨ੍ਹਾਂ ਵਿੱਚ ਬਾਇਓਟੈਕਨੌਲੋਜੀ ਤੇ ਨੈਨੋਟੈਕਨੋਲੋਜੀ ਪ੍ਰਮੁੱਖ ਹਨ ਦੀ ਵਰਤੋਂ ਕਰਨੀ ਪਵੇਗੀ। ਗਰੀਬਾਂ ਦਾ ਇਹ ਮਸੀਹਾ 95 ਸਾਲ ਦੀ ਉਮਰ ਵਿੱਚ 12 ਸਤੰਬਰ 2009 ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਡਾ. ਬੋਰਲਾਗ ਨੇ ਅਜਿਹੇ ਇਨਕਲਾਬ ਦੀ ਸਿਰਜਣਾ ਕੀਤੀ ਜਿਸਨੇ ਦੁਨੀਆਂ ਦੇ ਮੁੱਖ ਤੋਂ ਭੁੱਖ ਦੇ ਨਿਸ਼ਾਨ ਮਿਟਾ ਦਿੱਤੇ।

(*ਲੇਖਕ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਸੂਰਾਪੁਰ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਰਾਸ਼ਟਰਪੱਧਰੀ ਖੇਤੀ ਵਿਗਿਆਨੀ ਤੇ ਲਿਖਾਰੀ ਹੈ।)

**ਸੈਣੀ ਭਵਨ ਰੂਪਨਗਰ ਨਾਲ ਜੁੜੋ :-**

- ਆਜੀਵਨ ਮੈਂਬਰ ਬਣੋ (2500 ਰੁਪਏ)
- ਮੈਗਜ਼ੀਨ ਦੇ ਪਾਠਕ ਬਣੋ (500 ਰੁਪਏ)
- ਵਜ਼ੀਫ਼ਿਆਂ ਲਈ ਦਾਨ ਦਿਓ
- ਮੈਗਜ਼ੀਨ ਲਈ ਵਿਗਿਆਪਨ ਦਿਓ



ਕਹਾਣੀ

# ਇੱਕ ਹੋਰ ਸਦੀ ਦਾ ਅੰਤ

ਮਨਜੀਤ ਸਿੰਘ ਤੰਬੜ
ਪੰਜੋੜ

"ਏਥੇ ਪਤਾ ਨੀ ਕੌਣ ਰਹਿੰਦਾ ਹੋਊ, ਜਗ੍ਹਾ ਤਾਂ ਵੀਰੇ ਕਰਮ ਸਿੰਹੁ ਆਲੀ ਲਗਦੀ ਆ"। ਅਨਜਾਣੀ ਅਵਾਜ਼ ਦੇ ਮੂੰਹੋਂ ਪਿਤਾ ਜੀ ਦਾ ਨਾਮ ਸੁਣ ਕੇ ਮੈਂ ਇਕ ਦਮ ਆਪਣੇ ਗੇਟ ਵੱਲ ਦੇਖਿਆ। ਅੱਧਖੜ ਉਮਰ ਦੇ ਸਰਦਾਰ ਜੀ ਨਾਲ ਇੱਕ ਕਾਫੀ ਬਿਰਧ ਔਰਤ ਖੜ੍ਹੀ ਆਪਣੀ ਹੱਥ ਦੀ ਸੋਟੀ ਨਾਲ ਗੇਟ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਸੀ।

"ਆ ਜਾਓ ਮਾਤਾ ਜੀ ਮੈਂ ਉਹਨਾਂ ਦਾ ਈ ਛੋਟਾ ਪੁੱਤਰ ਹਾਂ"। ਨਾਲ ਵਾਲੇ ਬੰਦੇ ਨੂੰ ਸਤਿ ਸ਼੍ਰੀ ਅਕਾਲ ਬੁਲਾਉਂਦਿਆਂ, ਮੈਂ ਮਾਤਾ ਜੀ ਨੂੰ ਫੜ ਕੇ ਮੰਜੇ ਉਤੇ ਬਿਠਾ ਦਿੱਤਾ।

"ਜਿਉਂਦਾ ਰਹੁ ਪੁੱਤਾ" ਮਾਤਾ ਜੀ ਨੇ ਮੇਰੇ ਸਿਰ ਉੱਤੇ ਹੱਥ ਰੱਖ ਕੇ ਅਸੀਸ ਦਿਤੀ। "ਚੰਗਾ ਹੋਇਆ ਪੁੱਤ ਤੂੰ ਮੈਨੂੰ ਮਿਲ ਪਿਆਂ, ਮੇਰੇ ਦਿਲ ਦੀ ਮਨਸ਼ਾ ਪੂਰੀ ਹੋ ਗਈ। ਏਹ ਮੇਰਾ ਪੁੱਤ ਆ ਕਿਸ਼ਨ ਸਿੰਹੁ"। ਮਾਤਾ ਨੇ ਨਾਲ ਵਾਲੇ ਸਰਦਾਰ ਜੀ ਵੱਲ ਸੈਨਤ ਕਰ ਕੇ ਕਿਹਾ। ਸਰਦਾਰ ਜੀ ਨੇ ਵੀ ਹੱਥ ਜੋੜ ਕੇ ਆਪਣੀ ਸਹਿਮਤੀ ਪ੍ਰਗਟਾਈ।

"ਆਹ ਸਾਰੇ ਖੇਤ ਹੁੰਦੇ ਸੀ ਓਦੋਂ, ਸਾਡੇ ਵੇਲੇ" ਮੰਜੇ ਉੱਤੇ ਬੈਠਦੀ ਮਾਤਾ ਨੇ ਆਪਣੇ ਹੱਥ ਦੀ ਸੋਟੀ ਤਿੰਨਾਂ ਦਿਸ਼ਾਵਾਂ ਵੱਲ ਘੁਮਾਉਂਦੀ ਨੇ ਆਖਿਆ। "ਓਦੋਂ ਆਹ ਪੱਕੇ ਕੌਣ ਬਣਾਉਂਦਾ ਤੀ। ਏਹਦੇ ਬਾਬੇ ਤੇ ਪਿਉ ਨੇ ਕੱਚਾ ਘਰ ਬਣਾਇਆ ਤੀ ਆਪੇ ਸਭ ਤੋਂ ਪਹਿਲਾਂ, ਟੋਬੇ ਵਿੱਚੋਂ ਮਿੱਟੀ ਦੀਆਂ ਸੁਸਰੀਆਂ ਪੱਥ ਪੱਥ ਕੇ। ਬ੍ਹੌਅ..ਤ ਤਕੜੇ ਕਾਮੇ ਤੀ ਦੋਨੋ। ਭਾਬੀ ਦੋਨਾਂ ਤੋਂ ਵੀ ਉੱਤੇ ਸੀ। ਪਹਿਲਾਂ ਰਾਤ ਨੂੰ ਅਗਲੇ ਦਿਨ ਲਈ ਮਿੱਟੀ ਪੁੱਟ ਕੇ ਭਿਉਣੀ, ਫਿਰ ਸਵੇਰੇ ਪਹੁ ਫੁਟਾਲੇ ਤੋਂ ਪਹਿਲਾਂ ਈ ਵੀਰੇ ਤੇ ਭਾਬੀ ਨੇ ਫਿਰ ਗਾਰੇ ਚ'ਜਾ ਵੜਨਾ। ਚੱਕੀ ਤਾਂ ਭਾਬੀ ਦੀ ਬਾਕੀ ਘਰਾਂ ਦੀਆਂ ਚੱਕੀਆਂ ਚੱਲਣ ਤੋਂ ਪਹਿਲਾਂ ਬੰਦ ਵੀ ਹੋ ਜਾਇਆ ਕਰਦੀ ਤੀ, ਪਸੇਰੀ ਦਾਣੇ ਪੀਹ ਲੈਂਦੀ ਓਦੋਂ ਤਕ। ਬਈ ਧੰਨ ਦੀ ਔਰਤ ਤੀ ਓਹ, ਪਤਾ ਨੀ ਕ੍ਹੇੜੇ ਲੋਹੇ ਦੀ ਮਿੱਟੀ ਦੀ ਬਣੀ ਤੀ? ਬਾਅ..ਬਾ"। ਮਾਤਾ ਨੇ ਮੱਥੇ ਤੇ ਹੱਥ ਮਾਰਿਆ। ਥੋੜਾ ਰੁੱਕ ਕੇ ਬੋਲੀ "ਬਾਦ ;ਚ' ਤਾਂ ਸਾਰੇ ਟੱਬਰ ਈ ਵਾਰੋ ਵਾਰੀ ਏਥੇ ਆ ਗਏ"। ਮਾਤਾ ਇਹ ਸਭ ਕੁੱਝ ਕਿਸ਼ਨ ਸਿੰਘ ਦੇ ਨਾਲ ਨਾਲ ਮੈਨੂੰ ਵੀ ਦੱਸ ਰਹੀ ਸੀ।

ਉਸ ਦੀਆਂ ਗੱਲਾਂ ਤੋਂ ਲੱਗਦਾ ਸੀ, ਇਹ ਕੋਈ ਪਰਵਾਰਕ ਮੈਂਬਰ ਹੀ ਹੈ। ਮੈਂ ਦੂਰ ਨੇੜੇ ਰਿਸ਼ਤੇਦਾਰੀ ਵਿੱਚ ਵੀ ਨਜ਼ਰ ਮਾਰੀ ,ਪਰ ਪਤਾ ਨਾ ਲਗਾ ਸਕਿਆ।

ਘਰ ਵਾਲੀ ਪਾਣੀ ਦੇ ਦੋ ਗਲਾਸ ਲੈ ਆਈ। ਮਾਤਾ ਨੇ ਪਾਣੀ ਪੀ ਕੇ ਵਡੇਰੀ ਉਮਰ ਨਾਲ ਲਟਕੇ ਬੁੱਲ੍ਹਾਂ ਦੀਆਂ ਬੜਾਸਾਂ ਵਿਚੋਂ ਨਿਕਲੇ ਪਾਣੀ ਨੂੰ ਆਪਣੇ ਸਿਰ ਦੇ ਦੁਪੱਟੇ ਨਾਲ ਸਾਫ ਕੀਤਾ।

"ਮਾਤਾ ਜੀ ਮੈਂ ਤੁਹਾਨੂੰ ........"? ਪਰ ਉਹ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਆਖਣ ਲੱਗੀ। "ਮੈਨੂੰ, ਤੂੰ ਕਿਥੇ ਪਛਾਣਿਆ ਹੋਣਾ। ਵੀਹ ਸਾਲ ਦੀ ਸੀ ਜਦੋਂ ਇੱਥੋਂ ਗਈ ਤੀ। ਹੁਣ ਨੱਬੇ ਤੋਂ ਪੰਜ ਸਾਲ ਉੱਪਰ ਦੀ ਹੋ ਗਈ ਉਮਰ। ਸੱਤਰਾਂ ਤੋਂ ਤਾਂ ਉੱਪਰ ਹੋ ਗਏ, ਪਿੰਡ ਵੜੀ ਨੂੰ। ਵੀਰੇ ਤੋਂ ਮਸਾਂ ਪੰਜ ਕੁ ਸਾਲ ਛੋਟੀ ਸਿਗੀ"।

ਮੈਂ ਹੈਰਾਨ ਜਿਹਾ ਹੋ ਕੇ ਉਸ ਦੇ ਮੂੰਹ ਵੱਲ ਦੇਖਦਾ ਜਾ ਰਿਹਾ ਸੀ। ਐਡੀ ਉਮਰ ਵਿੱਚ ਵੀ ਐਨੀ ਚੁਸਤੀ ?

"ਫਿਰ ਇਹ ਹੈ ਕੌਣ."......? ਮੈਂ ਆਪਣੇ ਦਿਮਾਗ 'ਤੇ ਫਿਰ ਜ਼ੋਰ ਦਿੱਤਾ।

ਮੇਰੇ ਅੰਦਰੂਨੀ ਪ੍ਰਸ਼ਨ ਦਾ ਉੱਤਰ ਦਿੰਦੀ ਨੇ ਆਖਿਆ, "ਮੈਂ ਆਏ ਦੀ ਭੈਣ ਆਂ ਸਾਰਿਆਂ ਤੋਂ ਵੜੀ। ਅਸੀਂ ਸੁੱਖ ਨਾਲ ਦਸ ਭੈਣ ਭਰਾ ਸਿਗੇ। ਮੇਤੋਂ ਛੋਟੀ ਤਾਂ ਤਿੰਨ ਕੁ ਸਾਲ ਦੀ ਹੀ ਤੁਰ ਗਈ ਸੀ। ਆਇਆ ਤਾਂ ਮੇਰੇ ਆਹ ਕਿਸ਼ਨ ਤੋਂ ਵੀ ਛੋਟਾ ਆ ਪੂਰੇ ਤਿੰਨ ਮਹੀਨੇ"। ਫਿਰ ਮਾਤਾ ਨੇ ਥੋੜਾ ਲੰਮਾ ਸਾਹ ਬਾਹਰ ਛੱਡਦੀ ਨੇ ਕਿਹਾ, "ਹੁਣ ਤਾਂ ਸਾਰੇ ਤੁਰ ਗਏ ਇਕ ਇਕ ਕਰਕੇ", ਮਾਤਾ ਨੇ ਭਰਾਵਾਂ ਨੂੰ ਯਾਦ ਕਰਦਿਆਂ ਅੱਖਾਂ ਵਿੱਚ ਪਾਣੀ ਭਰ ਲਿਆ। "ਅੱਛਾ...ਮੈਂ ਕਿਹੜਾ ਬੈਠੀ ਰਹਿਣਾ। ਇਕ ਆਹ ਮਨ ਤੇ ਭਾਰ ਜਿਹਾ ਸਿਗਾ, ਏਹ ਵੀ ਉੱਤਰ ਗਿਆ ਤੈਨੂੰ ਮਿਲ ਕੇ"।

ਉਸ ਦੇ ਮਾਨਸਿਕ ਬੋਝ ਨੂੰ ਨਾ ਸਮਝਦੇ ਹੋਏ ਵੀ ਮੈਂ ਆਖ ਦਿੱਤਾ, "ਠੀਕ ਆ, ਠੀਕ ਆ, ਭੂਆ ਜੀ ਮੈਂ ਸਮਝ ਗਿਆ। ਗਲਤੀ ਮੁਆਫ ਕਰ ਦਿਓ"।

"ਨਾ ਕਾਕਾ! ਮੁਆਫੀ ਕਾਹਦੀ, ਅੱਜ ਦੇ ਸਮੇਂ 'ਚ ਤਾਂ ਕੋਈ ਸਿਆਣਦਾ ਵੀ ਨੀ ਬੁਲਾਉਂਦਾ। ਦੂਜੇ ਪਾਸੇ ਮੂੰਹ ਕਰਕੇ ਲੰਘ ਜਾਣਗੇ, ਕਿਤੇ ਪੈਰੀਂ ਹੱਥ ਨਾ ਲਾਉਣਾ ਪਵੇ ਬੁੜੀ ਦੇ", ਥੋੜਾ ਜਿਹਾ ਹੱਸਦੀ ਨੇ ਕਿਹਾ।

"ਹਾਂ ਭੂਆ ਜੀ ਉਹ ਜਮਾਨਾ ਹੁਣ ਕਿੱਥੇ? ਹੁਣ ਤਾਂ ਕਿਸੇ ਕੋਲ ਖੜ੍ਹਨ ਦਾ ਵੀ ਵਿਹਲ ਨੀ"। ਮੈਂ ਅਣਭੋਲੇ ਜਿਹੇ ਜਵਾਬ ਦਿੱਤਾ।

"ਅੱਛਾ ਆਹ ਨਾਲ ਵਾਲੇ ਕੁਰੇ 'ਚ ਤਾਂ ਬਾਬਾ ਮੁਨਸ਼ਾ ਸਿਹੁੰ ਦਾ ਪੁੱਤਰ ਤਾਇਆ ਗੁਰਦਿੱਤਾ ਰਹਿੰਦਾ ਸੀ", ਭੂਆ ਨੇ ਬਾਹਰ ਵੱਲ ਦੇਖਦੇ ਧੌਣ ਨੂੰ ਕੁੱਝ ਜਿਆਦਾ ਉੱਚਾ ਕਰਦੀ ਨੇ ਫਿਰ ਗੱਲ ਦਾ ਪੈਂਤੜਾ ਬਦਲ ਲਿਆ, "ਤਾਈ ਇੰਦੀ ਤਾਂ ਬੋ..ਅਤ ਪੇਹਲਾਂ ਮਰ ਗਈ ਤੀ। ਬਹੁਤ ਚੰਗੇ ਹੁੰਦੇ ਸਿਗੇ ਦੋਨੋ, ਇਕੋ ਕੁੜੀ ਸੀ ਦੋਨਾਂ ਦੇ। ਵਿਆਹੀ ਤਾਂ ਕਿੱਤੇ ਹੋਰ ਸਿਗੀ ਪਰ ਬਾਦ 'ਚ ਅੰਬਰਸਰ ਚਲੇ ਗਏ ਸਾਰੇ। ਆਹ ਨਾਲ ਦੀ ਜਗ੍ਹਾ ਬਸੰਤੇ ਤਾਏ ਦੀ ਹੁੰਦੀ ਸੀ, ਓਦੇ ਪਿਓ ਦਾ ਨਾਮ....ਆ,,ਰੱਬ ਤੇਰਾ ਭਲਾ ਕਰੇ", ਉਹਨੇ ਮੱਥੈ ਤੇ ਜ਼ੋਰ ਦਿੱਤਾ। ਹਾਂ ਯਾਦ ਆਇਆ, "ਬਾਬਾ ਮੋਤੀ, ਬਾਬਾ ਮੋਤੀ ਦਾ

ਕੱਲਾ ਈ ਪੁੱਤ ਤੀ ਤਾਇਆ ਬਸੰਤਾ ਵੀ। ਰਾਓ ਤਾਈ ਕਿੰਨੇ ਠੰਢੇ ਸੁਭਾ ਦੀ ਤੀ। ਦੋਨਾ ਨੂੰ ਕਦੀ ਨੀ ਤੀ ਸੁਣਿਆ ਲੜਦਿਆਂ। ਬਥੇਰੀ ਰੌਣਕ ਹੁੰਦੀ ਤੀ। ਥੋੜ੍ਹੇ ਘਰ ਸਿਗੇ ਕਿੱਤੇ ਇੱਥੇ? ਬਾਬਾ ਭੂਰਾ ਸਿੰਘ ਦਾ ਮਿਲਖਾ ਸਿੰਹੁ, ਦਲੀਪ ਸਿੰਹੁ, ਇੰਦਰ ਸਿੰਘ ਤੇ ਸੁੰਦਰ ਸਿੰਹੁ ਤਿੰਨੋ ਬਾਬੇ ਲੱਭੇ ਰਾਮ ਦੇ ਮੁੰਡੇ ਸਿਗੇ। ਸਾਰੇ ਤਾਏ ਚਾਚੇ ਈ ਲੱਗਦੇ ਸਿਗੇ ਦੂਰੋਂ ਨੇੜਿਓਂ। ਤੈਨੂੰ ਕੇੜ੍ਹਾ ਪਤੈ ਹੋਣਾ?", ਭੂਆ ਨੇ ਸੁਆਲੀਆ ਅੰਦਾਜ਼ ਨਾਲ ਮੇਰੇ ਵੱਲ ਦੇਖਿਆ। ਮੈਂ ਨਾਂਹ ਵਿੱਚ ਸਿਰ ਹਿਲਾ ਦਿੱਤਾ।

ਭੂਆ ਸ਼ੁਰੂ ਰਹੀ। "ਦੂਰੋਂ ਬੇਸ਼ੱਕ ਸਿਗੇ, ਪਰ ਪਿਆਰ ਐਨਾ ਤੀ ਕਿ ਕਿਤੇ ਬਾਹਰ ਵਾਲੇ ਨੂੰ ਥੋੜ੍ਹਾ ਪਤਾ ਤੀ ਕੌਣ ਕਿਹਦੀ ਕੁੜੀ ਆ। ਕੁੜੀਆਂ ਕਿਹੜੀਆਂ ਥੋੜ੍ਹੀਆਂ ਸਿਗੀਆਂ। ਪੰਦਰਾਂ-ਵੀਹ, ਪੂਰੇ ਦਾ ਪੂਰਾ ਈਜੜ ਤੀ"। ਫੇਰ ਕਿਹਦੀਆਂ ਕਿੰਨੀਆਂ ਕੁੜੀਆਂ, ਕਿੰਨੇ ਮੁੰਡੇ, ਕੋਣ ਕਿੱਥੇ ਵਿਆਹਿਆ ਹੋਇਆ ਸੀ, ਸਭ ਕੁੱਝ ਆਪੇ ਦੱਸੀ ਜਾ ਰਹੀ ਸੀ। ਜਿਵੇਂ ਕੋਈ ਬੱਚਾ ਰੱਟਾ ਲੱਗਿਆ ਆਪਣਾ ਪਾਠ ਸੁਣਾਉਂਦਾ ਹੈ।

ਮੈਂ ਵਿੱਚੋਂ ਵਿੱਚੋਂ ਜਿੰਨਾ ਕੁ ਮੈਨੂੰ ਪਤਾ ਸੀ, ਹਾਂ ਵਿੱਚ ਹਾਂ ਮਿਲਾਉਂਦਾ ਰਿਹਾ। ਮੈਨੂੰ ਹੁਣ ਭੂਆ ਦੀਆਂ ਗੱਲਾਂ ਵਿੱਚੋਂ ਨਿੱਘ ਜਿਹਾ ਆਉਣ ਲੱਗ ਗਿਆ ਸੀ।

ਚਾਹ ਪੀਦਿਆਂ ਤੱਕ ਉਹ ਪੁਰਾਣੇ ਬਜੁਰਗਾਂ ਦੇ ਇਤਿਹਾਸ ਦੀ ਕਿਤਾਬ ਦੇ ਪੰਨੇ ਇੱਕ ਇੱਕ ਕਰਕੇ ਪਰਤਦੀ ਰਹੀ। ਮੈਂ ਸੁਣਦਾ ਰਿਹਾ। ਭੂਆ ਨੂੰ ਸਾਰਿਆਂ ਦੇ ਪਿਉ ਦੇ ਪਿਉ ਤੇ ਉਹਨਾਂ ਦੇ ਪਿਉ ਦੇ ਨਾਮ, ਉਹਨਾਂ ਦੀਆਂ ਘਰ ਵਾਲੀਆਂ ਦੇ ਪੇਕੇ ਤੇ ਕਿਸ ਕੁੜੀ ਦੇ ਕਿੱਥੇ ਸਹੁਰੇ ਸਨ, ਸਭ ਪਤਾ ਸੀ।

ਮੈਂ ਬੀਤਿਆ ਕੱਲ੍ਹ ਦੇਖਿਆ ਸੀ, ਅੱਜ ਨੂੰ ਭੋਗ ਰਿਹਾ ਹਾਂ, ਪਰ ਪਚੰਨਵੇਂ ਸਾਲਾਂ ਦੀ ਭੂਆ ਦੀਆਂ ਗੱਲਾਂ ਅੱਜ ਤੋਂ ਹੋਰ ਪਿੱਛੇ ਸੌ ਸਾਲ ਦੇ ਖੁਲ੍ਹੇ ਮਹੌਲ ਵਿੱਚ ਲੈ ਗਈਆਂ। ਜਦੋਂ ਪਿੰਡ ਦੀਆਂ ਪੁਰਾਣੀਆਂ ਕੱਚੀਆਂ ਗਲੀਆਂ, ਗਲੀਆਂ ਵਿੱਚ ਖੇਡਦੀਆਂ, ਦੁੜੰਗੇ ਮਾਰਦੀਆਂ ਮੁਟਿਆਰਾਂ, ਮੁਟਿਆਰਾਂ ਦੇ ਤ੍ਰਿੰਜਣ, ਵਿਆਹ ਚ ਠੱਠੇ ਮਖੌਲ, ਸੁਹਾਗ, ਸਿਠਣੀਆਂ, ਪ੍ਰੌਹਣਿਆਂ ਨੂੰ ਕੱਚੇ ਕੋਠਿਆਂ ਉੱਤੇ ਸੁਲਾਉਣਾ। ਭੂਆ ਇਹ ਦੱਸਦੀ ਖਿੜ ਖਿੜ ਕਰ ਕੇ ਹੱਸ ਪਈ ਜਦੋਂ ਉਸ ਨੂੰ ਇਹ ਯਾਦ ਆਇਆ ਕਿ ਕੋਠੇ ਉੱਤੇ ਸੁੱਤਾ ਪਿਆ ਸਾਡਾ ਪ੍ਰਾਹੁਣਾ ਕੋਠੇ ਦੀ ਕੜੀ ਟੁੱਟ ਜਾਣ ਨਾਲ ਕਿਵੇਂ ਥੱਲੇ ਡਿੱਗ ਪਿਆ ਸੀ ਪਰ ਉਸ ਦੇ ਝਰੀਟ ਤਕ ਨਹੀਂ ਸੀ ਆਈ।

ਫਿਰ ਭੂਆ ਨੇ ਮੈਨੂੰ ਉਸ ਪਿਛੋਕੜ ਦੀ ਸੈਰ ਕਰਾਈ, ਜਦੋਂ ਪਿੰਡ ਵਿੱਚ ਹੁੰਦੀਆਂ ਨਕਲਾਂ ਤੇ ਡਰਾਮਿਆਂ 'ਚ'ਮੁੰਡੇ ਕੁੜੀਆਂ ਵਾਲੇ ਕੱਪੜੇ ਪਾ ਕੇ ਨੱਚਦੇ ਹੁੰਦੇ ਸਨ। ਘਰ ਦੀਆਂ ਬੁੜੀਆਂ, ਅੱਧਖੜ੍ਹ ਉਮਰ ਦੀਆਂ ਔਰਤਾਂ ਅਤੇ ਕੁੜੀਆਂ ਦੂਰ ਕਿਸੇ ਕੋਠੇ ਤੋਂ ਮਰਦਾਂ ਤੋਂ ਡਰਦੀਆਂ ਚੋਰੀ ਛੁੱਪੇ ਇਹ ਨਕਲਾਂ ਡਰਾਮੇਂ ਕਿਵੇਂ ਦੇਖਦੀਆਂ ਸਨ। ਉਹ ਬੋਲਦੀ ਰਹੀ।

ਉਹ ਸਾਰੇ ਦ੍ਰਿਸ਼ ਇੱਕ ਇੱਕ ਕਰਕੇ ਪੁਰਾਣੀ ਬਲੈਕ ਐਂਡ ਵਾਇਟ ਫਿਲਮ ਵਾਂਗ ਮੇਰੀਆਂ ਅੱਖਾਂ ਅੱਗੋਂ ਨਿਕਲਦੇ ਰਹੇ। ਭੂਆ ਮੇਰੇ ਕੋਲ ਚਾਰ ਕੁ ਘੰਟੇ ਰੁਕੀ। ਜਾਂਦੀ ਹੋਈ ਨੇ ਮੇਰੇ ਸਿਰ ਉੱਤੇ ਹੱਥ ਰੱਖ ਕੇ ਕਿਹਾ, "ਕਾਕਾ ਮੈਨੂੰ ਪਤਾ ਸੀ, ਤੂੰ ਕੱਲਾ ਈ ਰਹਿ ਗਿਆ ਏਂ। ਮੇਰੇ ਪਿਉ ਦਾਦੇ ਦੇ ਪਿੰਡ ਵਿੱਚ ਮੇਰਾ ਆਪਣਾ, ਆਪਣਾ ਈ ਸੁਣ ਸਕਦਾ ਏਹ ਸੱਭ, ਸ਼ੈਰੀਆਂ ਨੂੰ ਕੀ ਪਤੈ ਕੀ ਹੁੰਦਾ ਏ ਵਿਰਸਾ। ਮੈਂ ਬਾਬਾ ਰਲ੍ਹਾ ਸਿੰਹੁ ਕੋਲੋਂ ਸੁਣੀਆ ਸੀਗੀਆਂ ਇਹ ਗੱਲਾਂ। ਅੱਜ ਮੈਂ ਤੈਨੂੰ ਦੱਸ ਚੱਲੀ ਆਂ, ਇਹਨਾਂ ਨੂੰ ਗੱਲਾਂ ਨਾ ਸਮਝੀਂ।ਏਹ ਸਾਡੀ ਤੇ ਸਾਡੇ ਵਿਰਸੇ ਦੇ ਮਹਾਨ ਖਜ਼ਾਨੇ ਦਾ ਕੁੱਝ ਹਿੱਸਾ ਦੇ ਚੱਲੀ ਆਂ ਤੈਨੂੰ। ਏਨੂੰ ਸੰਭਾਲ ਕੇ ਰੱਖੀਂ। ਤੂੰ ਤਾਂ ਪੜ੍ਹਿਆ-ਲਿਖਿਆ ਹੋਇਆ ਏਂ, ਲਿਖ ਦੇਈਂ ਕਿਤੇ ਇਹ ਸਾਰੀਆਂ ਗੱਲ਼ਾ। ਚੰਗਾ ਸਤਿ ਸ਼੍ਰੀ ਅਕਾਲ, ਬੱਚਾ ਜਿਉਂਦਿਆਂ ਦੇ ਮੇਲੇ ਆ"।

ਮੈਂ ਸਮਝ ਨਾ ਸਕਿਆ ਕਿ ਭੂਆ ਨੇ ਮੈਨੂੰ ਪਿਆਰ ਦਿੱਤਾ ਹੈ ਜਾਂ ਮੇਰੇ ਕੋਲੋਂ ਕੋਈ ਪੁਰਾਣੀ ਵਸੀਅਤ ਦੇ ਇਕਰਾਰਨਾਮੇ ਉੱਤੇ ਦਸਤਖਤ ਕਰਵਾ ਲਏ ਹਨ। ਭੂਆ ਚਲੀ ਗਈ। ਪਰ ਮੈਂ ਕਿੰਨਾ ਚਿਰ ਸੋਚਦਾ ਰਿਹਾ, "ਭੂਆ ਦੇ ਇਸ ਫਾਨੀ ਸੰਸਾਰ ਤੋਂ ਕੂਚ ਕਰ ਜਾਣ ਦੇ ਨਾਲ ਹੀ ਇੱਕ ਹੋਰ ਸਦੀ ਦਾ ਅੰਤ ਹੋ ਜਾਵੇਗਾ"।

ਫੋਨ-9876036975

* * * * *

## ਵਧਾਈ

ਸ਼੍ਰੋਮਣੀ ਪੱਤਰਕਾਰ ਐਵਾਰਡ ਨਾਲ ਸਨਮਾਨਿਤ ਸ. ਕਮਲਜੀਤ ਸਿੰਘ ਬਣਵੈਤ ਦੀ ਨਵੀਂ ਪੁਸਤਕ 'ਇੱਕ ਬੰਦਾ ਹੁੰਦਾ ਸੀ' ਦਾ ਲੋਕ ਅਰਪਣ 1 ਮਾਰਚ, 2021 ਨੂੰ ਲੇਖਕ ਸਭਾ ਚੰਡੀਗੜ੍ਹ ਵਲੋਂ ਪ੍ਰੈਸ ਕਲੱਬ ਵਿਖੇ ਕਰਵਾਇਆ ਗਿਆ ਹੈ। ਇਸ ਤੋਂ ਪਹਿਲਾਂ ਆਪ ਦੇ ਤਿੰਨ ਕਹਾਣੀ-ਸੰਗ੍ਰਹਿ ਅਤੇ ਇੱਕ ਖੋਜ-ਨਿਬੰਧ ਪ੍ਰਕਾਸ਼ਿਤ ਹੋ ਚੁਕੇ ਹਨ। ਆਪ ਨੇ ਤਿੰਨ ਟੀਵੀ ਸੀਰੀਅਲ ਅਤੇ ਸੈਕੜੇ ਹੀ ਲੇਖ ਰਸਾਲਿਆਂ ਤੇ ਅਖਬਾਰਾਂ ਲਈ ਲਿਖੇ ਹਨ। ਸ. ਕਮਲਜੀਤ ਸਿੰਘ ਬਣਵੈਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਉੜਾਪੜ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਹਨ। ਆਪ ਸੈਣੀ ਭਵਨ ਰੂਪਨਗਰ ਨਾਲ ਨੇੜਿਓਂ ਜੁੜੇ ਹੋਏ ਹਨ। ਸਮੂਹ ਸੈਣੀ ਬਰਾਦਰੀ ਨੂੰ ਇਸ ਹੋਣਹਾਰ ਸਾਹਿਤਕਾਰ 'ਤੇ ਬਹੁਤ ਮਾਣ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਬਣਵੈਤ ਸਾਹਿਬ ਨੂੰ ਇਸ ਪ੍ਰਾਪਤੀ ਲਈ ਬਹੁਤ ਬਹੁਤ ਵਧਾਈ ਦਿੰਦੇ ਹਨ।



ਸਾਡੇ ਨਵੇਂ ਲੋਕ-ਨੁਮਾਇੰਦੇ

## ਪੰਜਾਬ ਵਿੱਚ ਨਵੇਂ ਚੁਣੇ ਗਏ, ਕਾਰਪੋਰੇਸ਼ਨ/ਮਿਊਂਸਪਲ ਕੌਂਸਲ ਦੇ ਸੈਣੀ ਐੱਮ.ਸੀ

**ਰੂਪਨਗਰ**

ਸ. ਸਰਬਜੀਤ ਸਿੰਘ ਸੈਣੀ
ਪੁੱਤਰ ਸ. ਸੁਰਿੰਦਰ ਸਿੰਘ ਸੈਣੀ
ਵਾਰਡ ਨੰ. 16, ਰੋਪੜ



ਸ਼੍ਰੀਮਤੀ ਜਸਵਿੰਦਰ ਕੌਰ
ਪਤਨੀ ਸ. ਅਮਰਜੀਤ ਸਿੰਘ
ਵਾਰਡ ਨੰ. 14, ਰੋਪੜ



ਸ਼੍ਰੀਮਤੀ ਚਰਨਜੀਤ ਕੌਰ
ਪਤਨੀ ਸ. ਹਰਵਿੰਦਰ ਸਿੰਘ
ਵਾਰਡ ਨੰ. 17, ਰੋਪੜ



ਸ਼੍ਰੀਮਤੀ ਇਕਬਾਲ ਕੌਰ
ਪਤਨੀ ਸ. ਪਰਮਜੀਤ ਸਿੰਘ
ਵਾਰਡ ਨੰ. 5, ਰੋਪੜ



**ਚਮਕੌਰ ਸਾਹਿਬ**

ਸ. ਜਸਬਿੰਦਰ ਸਿੰਘ
ਵਾਰਡ ਨੰ. 13, ਚਮਕੌਰ ਸਾਹਿਬ



**ਨੰਗਲ**

ਸ਼੍ਰੀਮਤੀ ਸੋਨੀਆ ਸੈਣੀ
ਵਾਰਡ ਨੰ. 7, ਨੰਗਲ



**ਖਰੜ**

ਸ. ਮਾਨ ਸਿੰਘ ਸੈਣੀ
ਖਰੜ



ਸ਼੍ਰੀਮਤੀ ਜਸਪ੍ਰੀਤ ਕੌਰ ਲੌਂਗੀਆ
ਵਾਰਡ ਨੰ. 19, ਖਰੜ



ਸ਼੍ਰੀਮਤੀ ਰਾਜਵੰਤ ਕੌਰ ਸੈਣੀ
ਪਤਨੀ ਸ. ਜਸਵੀਰ ਸਿੰਘ ਸੈਣੀ
ਵਾਰਡ ਨੰ. 8, ਖਰੜ



ਸ. ਜੋਗਿੰਦਰ ਸਿੰਘ ਸੈਣੀ
ਕੀਰਤਪੁਰ ਸਾਹਿਬ

**ਡੇਰਾਬੱਸੀ**

ਸ. ਜਸਵਿੰਦਰ ਸਿੰਘ
ਵਾਰਡ ਨੰ. 8, ਡੇਰਾਬਸੀ



ਸ਼੍ਰੀਮਤੀ ਬਲਵਿੰਦਰ ਕੌਰ ਸੈਣੀ
ਪਤਨੀ ਸ. ਬਲਜਿੰਦਰ ਸਿੰਘ
ਵਾਰਡ ਨੰ. 5, ਡੇਰਾਬਸੀ



ਸ਼੍ਰੀਮਤੀ ਇੰਦੂ ਸੈਣੀ
ਪਤਨੀ ਸ਼੍ਰੀ ਚਮਨ ਲਾਲ ਸੈਣੀ
ਵਾਰਡ ਨੰ. 11, ਡੇਰਾਬਸੀ



ਸ਼੍ਰੀਮਤੀ ਕੁਲਵਿੰਦਰ ਕੌਰ
ਪਤਨੀ ਸ. ਜਸਪਾਲ ਸਿੰਘ
ਵਾਰਡ ਨੰ. 17, ਡੇਰਾਬਸੀ



**ਨਵਾਂਸ਼ਹਿਰ**



ਸ਼੍ਰੀਮਤੀ ਕੁਲਵੰਤ ਕੌਰ
ਵਾਰਡ ਨੰ. 7, ਨਵਾਂਸ਼ਹਿਰ



ਸ਼੍ਰੀਮਤੀ ਜਸਵੀਰ ਕੌਰ ਬਡਵਾਲ
ਵਾਰਡ ਨੰ. 19, ਨਵਾਂਸ਼ਹਿਰ



ਸ਼੍ਰੀਮਤੀ ਪਰਮਜੀਤ ਕੌਰ
ਵਾਰਡ ਨੰ. 5, ਨਵਾਂਸ਼ਹਿਰ



ਸ਼੍ਰੀਮਤੀ ਰੁਪਿੰਦਰ ਕੌਰ ਰੀਨਾ
ਵਾਰਡ ਨੰ. 5, ਮੋਹਾਲੀ



ਸ਼੍ਰੀਮਤੀ ਗੁਰਮੀਤ ਕੌਰ
ਵਾਰਡ ਨੰ. 50, ਮੋਹਾਲੀ

**ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਇਨ੍ਹਾਂ ਲੋਕ-ਨਮਾਇੰਦਿਆਂ ਨੂੰ ਬਹੁਤ ਬਹੁਤ ਵਧਾਈ।**

ਸਫਲ ਸੈਣੀ ਸਖਸ਼ੀਅਤ

# ਡਾ. ਬਰਜਿੰਦਰ ਸਿੰਘ ਹਮਦਰਦ



ਡਾ. ਜਸਵੰਤ ਕੌਰ ਸੈਣੀ

ਡਾ. ਬਰਜਿੰਦਰ ਸਿੰਘ ਹਮਦਰਦ ਰੋਜ਼ਾਨਾ ਅਜੀਤ ਅਖਬਾਰ ਦੇ ਮੁੱਖ ਸੰਪਾਦਕ ਹਨ। ਆਪ ਬਹੁਪੱਖੀ ਸਖਸ਼ੀਅਤ ਦੇ ਮਾਲਕ ਹਨ। ਆਪ ਦਾ ਜਨਮ 20 ਅਗਸਤ, 1944 ਨੂੰ ਸ. ਸਾਧੂ ਸਿੰਘ ਹਮਦਰਦ ਅਤੇ ਮਾਤਾ ਨਿਰੰਜਣ ਕੌਰ ਦੇ ਸਾਧਾਰਨ ਜਿਹੇ ਕਿਸਾਨੀ ਸੈਣੀ ਪਰਿਵਾਰ ਵਿੱਚ ਹੋਇਆ। ਹਮਦਰਦ ਹੁਰਾਂ ਦਾ ਜੱਦੀ ਪਿੰਡ ਪੱਦੀ ਮਠਵਾਲੀ ਜ਼ਿਲ੍ਹਾ ਨਵਾਂਸ਼ਹਿਰ ਵਿੱਚ ਪੈਂਦਾ ਹੈ। ਸ. ਸਾਧੂ ਸਿੰਘ ਜੀ ਦੇ ਪਿਤਾ ਦੀ ਮੌਤ ਉਨ੍ਹਾਂ ਦੇ ਬਚਪਨ ਵਿੱਚ ਹੀ ਹੋ ਗਈ ਸੀ। ਇਸ ਲਈ ਉਨ੍ਹਾਂ ਨੇ ਲਾਹੌਰ ਵਿੱਖੇ ਇੱਕ ਅਖਬਾਰ ਵਿੱਚ ਮਾਮੂਲੀ ਨੌਕਰੀ ਕੀਤੀ। ਸੰਤਾਲੀ ਦੀ ਵੰਡ ਸਮੇਂ ਆਪ ਪਹਿਲਾਂ ਅੰਮ੍ਰਿਤਸਰ ਆਏ ਅਤੇ ਫਿਰ ਜਲੰਧਰ ਵਿਖੇ ਪੱਕਾ ਠਿਕਾਣਾ ਬਣਾ ਲਿਆ। ਇੱਥੇ ਹੀ ਉਨ੍ਹਾਂ ਨੇ ਪਹਿਲਾਂ ਉਰਦੂ ਵਿੱਚ ਅਤੇ ਫਿਰ ਪੰਜਾਬੀ ਵਿੱਚ ਅਜੀਤ ਅਖਬਾਰ ਸ਼ੁਰੂ ਕੀਤੀ। ਇੰਜ ਬਰਜਿੰਦਰ ਹੋਰਾਂ ਨੇ ਆਪਣੀ ਸੁਰਤ ਮਸ਼ੀਨਾਂ ਦੀ ਖਟ-ਖਟ, ਅੱਖਰਾਂ ਦੀ ਜੋੜ-ਤੋੜ ਤੇ ਖਬਰਾਂ ਦੀ ਭੰਨ-ਤੋੜ ਵਿੱਚ ਹੀ ਸੰਭਾਲੀ। ਆਪ ਨੇ ਸਕੂਲ ਦੀ ਪੜ੍ਹਾਈ ਸਰਕਾਰੀ ਮਾਡਲ ਹਾਇਰ ਸੈਕੰਡਰੀ ਸਕੂਲ਼ ਜਲੰਧਰ ਤੋਂ ਅਤੇ ਗ੍ਰੈਜੂਏਸ਼ਨ ਇੱਥੋਂ ਦੇ ਹੀ ਲਾਇਲਪੁਰ ਖਾਲਸਾ ਕਾਲਜ ਤੋਂ ਕੀਤੀ। ਕਾਲਜ ਵਿੱਚ ਪੜ੍ਹਦਿਆਂ ਹੀ ਆਪ ਨੇ ਗਾਉਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਦੋਸਤਾਂ ਦੀਆਂ ਮਹਿਫਲਾਂ ਦੀ ਸ਼ਾਨ ਬਣ ਗਏ। ਇਸ ਨਾਲ ਹੀ ਆਪਣੇ ਪਿਤਾ ਦੇ ਅਖਬਾਰੀ ਕਾਰਜਾਂ ਵਿੱਚ ਵੀ ਪੂਰੀ ਦਿਲਚਸਪੀ ਲੈਂਦੇ ਸਨ। ਪੰਜਾਬੀ ਵਿਸ਼ੇ ਵਿੱਚ ਐਮ.ਏ ਕਰਨ ਲਈ ਆਪ ਆਪਣੇ ਮਾਤਾ-ਪਿਤਾ ਦੇ ਵਿਰੋਧ ਦੇ ਬਾਵਜ਼ੂਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਦਾਖਲ ਹੋ ਗਏ ਅਤੇ ਉੱਥੇ ਹੋਸਟਲ ਵਿੱਚ ਰਹਿਣ ਲੱਗੇ। ਯੂਨੀਵਰਸਿਟੀ ਦੇ ਖੁਲ੍ਹੇ ਮਾਹੌਲ ਅਤੇ ਚੰਡੀਗੜ੍ਹ ਦੀ ਸੁੰਦਰਤਾ ਨਾਲ ਆਪ ਦੀ ਸਖਸ਼ੀਅਤ ਵਿੱਚ ਸੁਚਾਰੂ ਬਦਲਾਵ ਆਇਆ। ਆਪ ਸੁੰਦਰਤਾ ਦੇ ਉਪਾਸ਼ਕ ਬਣ ਗਏ। ਇੱਥੋਂ ਪੜ੍ਹਾਈ ਪੂਰੀ ਕਰ ਕੇ ਆਪ ਆਪਣੇ ਜੀਵਨ ਦੀ ਭਵਿੱਖੀ ਸੇਧ ਤੈਅ ਕਰਨ ਲਈ ਹਿੱਲ ਸਟੇਸ਼ਨ ਕਸੌਲੀ ਚਲੇ ਗਏ। ਇਸ ਥਾਂ ਦੇ ਕੁਦਰਤੀ ਸੁਹੱਪਣ ਨੇ ਆਪ ਦੇ ਅੰਦਰਲੇ ਲੇਖਕ ਨੂੰ ਜਗਾ ਦਿੱਤਾ।

ਜਦੋਂ ਜਲੰਧਰ ਆਪਣੇ ਘਰ ਵਾਪਸ ਆਏ ਤਾਂ ਪਿਤਾ ਨੇ ਅਖ਼ਬਾਰ ਦੀਆਂ ਜ਼ਿੰਮੇਵਾਰੀਆਂ ਸੌਂਪਦਿਆਂ ਆਪ ਨੂੰ 1968 ਵਿੱਚ ਇਸ ਦਾ ਮੈਨੇਜਿੰਗ ਐਡੀਟਰ ਥਾਪ ਦਿੱਤਾ। ਇਸ ਦੇ ਨਾਲ ਹੀ ਇਨ੍ਹਾਂ ਦਾ ਵਿਆਹ ਪਿੰਡ ਸੁੱਜੋਂ ਦੀ ਸੁਸ਼ੀਲ ਮੁਟਿਆਰ ਸਰਬਜੀਤ ਕੌਰ ਨਾਲ ਕਰ ਦਿੱਤਾ ਗਿਆ। ਅਗਾਂਹਵਧੂ ਨੌਜਵਾਨ ਬਰਜਿੰਦਰ ਸਿੰਘ ਅਜੀਤ ਅਖ਼ਬਾਰ ਨੂੰ ਪਾਠਕਾਂ ਲਈ ਮਨੋਰੰਜਕ ਤੇ ਦਿਲਖਿੱਚਵੀਂ ਬਣਾਉਣ ਲਈ ਇਸ ਦੀ ਦਿੱਖ ਵਿੱਚ ਕੁੱਝ ਤਬਦੀਲੀਆਂ ਕਰਨੀਆਂ ਚਾਹੁੰਦੇ ਸਨ ਜਿਨ੍ਹਾਂ ਤੇ ਕਾਫੀ ਖਰਚ ਆਉਣਾ ਸੀ ਜਿਸ ਲਈ ਪਿਤਾ ਜੀ ਰਾਜੀ ਨਾ ਹੋਏ। ਇਸ ਲਈ ਜ਼ਿੱਦੀ ਤੇ ਅੜੀਅਲ ਸੁਭਾ ਅਤੇ ਦ੍ਰਿੜ ਇਰਾਦੇ ਵਾਲੇ ਬਰਜਿੰਦਰ ਸਿੰਘ 1974 ਵਿੱਚ ਅਜੀਤ ਭਵਨ ਨੂੰ ਤਿਆਗ ਕੇ ਪਰਿਵਾਰ ਸਮੇਤ ਜਲੰਧਰ ਵਿਖੇ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗੇ। ਇੱਥੇ ਹੀ ਆਪਣੀ ਪ੍ਰਿੰਟਿੰਗ ਪ੍ਰੈਸ ਸਥਾਪਿਤ ਕੀਤੀ ਅਤੇ ਰਸਾਲਾ 'ਦ੍ਰਿਸ਼ਟੀ' ਪ੍ਰਕਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇਸ ਔਖੇ ਕੰਮ ਦੀ ਸਫਲਤਾ ਲਈ ਅਣਥੱਕ ਮਿਹਨਤ ਕੀਤੀ। ਇਸ ਦੇ ਨਾਲ ਹੀ ਆਪ ਨੇ ਕਿਸਾਨਾਂ ਲਈ ਮੈਗਜ਼ੀਨ 'ਅੰਨਦਾਤਾ' ਅਤੇ ਫਿਲਮਾਂ ਲਈ 'ਅਪਸਰਾ' ਅਤੇ 'ਤਸਵੀਰ' ਮੈਗਜ਼ੀਨ ਸ਼ੁਰੂ ਕੀਤੇ। ਇਸ ਨਾਲ ਆਪ ਦੇ ਪਾਠਕਾਂ ਦਾ ਦਾਇਰਾ ਵਿਸ਼ਾਲ ਹੋ ਗਿਆ। ਜਦੋਂ 1978 ਵਿੱਚ ਚੰਡੀਗੜ੍ਹ ਵਿਖੇ ਅਖਬਾਰ 'ਪੰਜਾਬੀ ਟ੍ਰਿਬਿਊਨ' ਦਾ ਪ੍ਰਕਾਸ਼ਨ ਆਰੰਭ ਹੋਇਆ ਤਾਂ ਆਪ ਨੂੰ ਇਸ ਦੇ ਮੁੱਖਸੰਪਾਦਕ ਦੀ ਜ਼ਿੰਮੇਵਾਰੀ ਸੌਂਪੀ ਗਈ ਜੋ ਆਪ ਨੇ 1984 ਤੱਕ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਨਿਭਾਈ। ਇਸ ਪ੍ਰਾਪਤੀ ਸਦਕਾ ਪੰਜਾਬ ਸਰਕਾਰ ਨੇ 1984 ਵਿੱਚ ਆਪ ਨੂੰ 'ਸ਼੍ਰੋਮਣੀ ਪੱਤਰਕਾਰ' ਦਾ ਸਨਮਾਨ ਦਿੱਤਾ।



ਅਗਸਤ 1984 ਵਿੱਚ ਸ. ਸਾਧੂ ਸਿੰਘ ਹਮਦਰਦ ਅਚਾਨਕ ਅਕਾਲਚਲਾਣਾ ਕਰ ਗਏ ਤਾਂ 'ਅਜੀਤ' ਅਖਬਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਆਪ ਦੇ ਸਿਰ ਪਾ ਦਿੱਤੀ ਗਈ। ਆਪ ਨੇ ਸੱਚ ਦਾ ਪੱਲਾ ਫੜਦਿਆਂ ਇਸ ਅਖਬਾਰ ਨੂੰ ਬੁਲੰਦੀਆਂ ਤੇ ਪਹੁੰਚਾਇਆ। ਆਪਣੇ ਨਿਡਰ ਤੇ ਨਿਰਪੱਖ ਐਡੀਟੋਰੀਅਲਾਂ ਰਾਹੀਂ ਲੋਕਾਂ ਦਾ ਦਿਲ ਜਿੱਤਿਆ ਜਿਸ ਕਾਰਨ ਅਜੀਤ ਨੂੰ ਦੁਨੀਆਂ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਪੰਜਾਬੀ ਅਖਬਾਰ ਬਣਨ ਦਾ ਮਾਣ ਪ੍ਰਾਪਤ ਹੋਇਆ। ਆਪ ਨੇ ਇਸ ਅਖਬਾਰ ਰਾਹੀਂ 1984 ਦੇ ਸਿੱਖ ਕਤਲੇਆਮ ਅਤੇ 1987 ਦੇ ਹੜ੍ਹਾਂ ਦੌਰਾਨ ਮਾਇਆ ਇਕੱਠੀ ਕਰ ਕੇ ਪੀੜਤਾਂ ਦੀ ਸਹਾਇਤਾ ਕੀਤੀ। ਜਦੋਂ ਇਕ ਸਮੇਂ ਇਹ ਅਖਬਾਰ ਸਮੇਂ ਦੀ ਸਰਕਾਰ ਦੀ ਕਰੋਪੀ ਦਾ ਸ਼ਿਕਾਰ ਹੋਈ ਤਾਂ ਵੀ ਬਰਜਿੰਦਰ ਜੀ ਨੇ ਹੌਸਲੇ ਨਾਲ ਕੰਮ ਕਰਦਿਆਂ ਸਥਿਤੀ ਨੂੰ ਸੰਭਾਲਿਆ। ਜਨਵਰੀ 1996 ਵਿੱਚ ਆਪ ਨੇ ਹਿੰਦੀ ਵਿੱਚ 'ਅਜੀਤ ਸਮਾਚਾਰ' ਸ਼ੁਰੂ ਕੀਤੀ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਅਜੀਤ ਦੇ ਅਦਾਰੇ ਵਿੱਚ ਲਿਆਂਦਾ ਜਾ ਸਕੇ। ਇਸ ਵਿੱਚ ਉਹ ਕਾਮਯਾਬ ਵੀ ਹੋਏ ਹਨ। ਆਪ 1998

ਵਿੱਚ ਭਾਰਤ ਦੀ ਰਾਜ ਸਭਾ ਦੇ ਮੈਂਬਰ ਬਣਾਏ ਅਤੇ ਜਦੋਂ ਇਸ ਨਾਲ ਆਪਣੀਆਂ ਅਖਬਾਰ ਦੀਆਂ ਜ਼ਿੰਮੇਵਾਰੀਆਂ ਨੂੰ ਨੁਕਸਾਨ ਹੁੰਦਾ ਭਾਸਿਆ ਤਾਂ 2000 ਵਿੱਚ ਬਿਨਾਂ ਦੇਰੀ ਕੀਤਿਆਂ ਅਸਤੀਫਾ ਦੇ ਦਿੱਤਾ।

ਸ. ਬਰਜਿੰਦਰ ਸਿੰਘ ਹਮਦਰਦ ਨੇ ਪੰਜਾਬ ਵਿੱਚ ਪੰਜਾਬੀ ਨੂੰ ਅਮਲੀ ਰੂਪ ਵਿੱਚ ਰਾਜ ਭਾਸ਼ਾ ਬਣਾਏ ਜਾਣ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਹਮੇਸ਼ਾਂ ਅਗਵਾਈ ਕੀਤੀ ਹੈ। ਇਸ ਅਧੀਨ ਜਦੋਂ 'ਪੰਜਾਬ ਜਾਗ੍ਰਤੀ ਮੰਚ' ਵਲੋਂ ਪੰਜਾਬੀ ਦੇ ਹੱਕ ਵਿੱਚ ਵਿਸ਼ਾਲ ਮਾਰਚ ਕੱਢਿਆ ਤਾਂ ਆਪ ਨੇ ਮੁਹਰਲੀ ਕਤਾਰ ਵਿੱਚ ਇਸ ਦੀ ਅਗਵਾਈ ਕੀਤੀ। ਪੰਜਾਬ ਵਿੱਚ ਪ੍ਰਦੂਸ਼ਣ ਦੀ ਗੰਭੀਰ ਸਮੱਸਿਆ ਪ੍ਰਤਿ ਲੋਕਾਂ ਵਿੱਚ ਜਾਗ੍ਰਤੀ ਪੈਦਾ ਕਰਨ ਲਈ ਆਪ ਨੇ ਪੁਸਤਕ ' ਪਲੀਤ ਹੋਇਆ ਚੌਗਿਰਦਾ' ਪ੍ਰਕਾਸ਼ਿਤ ਕਰਵਾਈ ਅਤੇ 'ਅਜੀਤ ਹਰਿਆਵਲ ਲਹਿਰ' ਚਲਾਈ। ਆਪਣੇ ਅਤਿ ਦੇ ਰੁਝੇਵਿਆਂ ਦੇ ਬਾਵਜੂਦ ਬਰਜਿੰਦਰ ਨੇ ਸਾਹਿਤਿਕ ਖੇਤਰ ਨੂੰ ਨਹੀਂ ਅਣਗੌਲਿਆ। ਆਪ ਨੇ ਇੱਕ ਨਾਵਲ-'ਕੁੱਝ ਪੱਤਰੇ'( ਜੋ ਟੈਲੀਕਾਸਟ ਵੀ ਹੋਇਆ), ਇੱਕ ਸਫਰਨਾਮਾ-'ਧਰਤੀਆਂ ਦੇ ਗੀਤ' ਅਤੇ ਲੇਖ-ਸੰਗ੍ਰਹਿ- 'ਛੋਟੇ ਛੋਟੇ ਦਾਇਰੇ', 'ਜੋਤ ਜਗਦੀ ਰਹੇਗੀ', 'ਵਿਰਸੇ ਦਾ ਗੌਰਵ', 'ਪੈਂਡਾ ਬਾਕੀ ਹੈ', 'ਮੋਮਬੱਤੀਆਂ ਦੀ ਲੋਅ', 'ਦੋਸਤੀ ਦੇ ਗੀਤ', 'ਮਿੱਟੀ ਦਾ ਮੋਹ' ਅਤੇ 'ਤਰਕਸ਼ੀਲਤਾ ਦਾ ਚਾਨਣ' ਪ੍ਰਕਾਸ਼ਿਤ ਕਰਵਾ ਕੇ ਆਪਣੀ ਸਾਹਿਤਿਕ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ ਹੈ।

ਬਰਜਿੰਦਰ ਸਿੰਘ ਜੀ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਬਹੁਤ ਲਗਾਉ ਸੀ। ਭਾਵੇਂ ਕਿ ਪੜ੍ਹਾਈ ਤੇ ਘਰੇਲੂ ਮਜ਼ਬੂਰੀਆਂ ਕਾਰਨ ਉਹ ਸੰਗੀਤ ਦੀ ਬਾਕਾਇਦਾ ਕੋਈ ਸਿੱਖਿਆ ਨਹੀਂ ਲੈ ਸਕੇ ਪਰ ਦੋਸਤਾਂ ਦੀਆਂ ਮਹਿਫਲਾਂ ਵਿੱਚ ਆਪਣਾ ਗਾਉਣ ਦਾ ਸ਼ੌਕ ਪੂਰਾ ਕਰ ਲੈਂਦੇ ਸਨ। ਮਨ ਦੀ ਕਿਸੇ ਨੁਕਰੇ ਪਿਆ ਇਸ ਖਾਹਿਸ਼ ਦਾ ਬੀਜ ਢੁਕਵਾਂ ਵਾਤਾਵਰਨ ਮਿਲਣ 'ਤੇ ਪੁੰਗਰ ਆਇਆ। ਇਸ ਅਧੀਨ ਆਪ ਦੀਆਂ ਸੋਲਾਂ ਸੰਗੀਤ ਕੈਸਟਾਂ- ਜਜ਼ਬਾਤ, ਸਿਜਦਾ, ਆਹਟ, ਖੁਸ਼ਬੂ, ਸ਼ਰਧਾਂਜਲੀ, ਮੇਰੀ ਪਸੰਦ, ਲੋਕ ਗੀਤ, ਆਸਥਾ, ਕਸੁੰਭੜਾ, ਸਰਘੀ, ਰੂਹਾਨੀ ਰਮਜ਼ਾਂ, ਜੁਗਨੂੰ, ਦਰਦ ਏ ਦਿਲ, ਦਾਸਤਾਨ, ਸੰਵੇਦਨਾ ਅਤੇ ਮਾਣ ਨਾ ਕੀਜੈ ਰਿਲੀਜ਼ ਹੋ ਚੁੱਕੀਆਂ ਹਨ। ਗਾਇਕੀ ਆਪ ਦਾ ਪੇਸ਼ਾ ਨਹੀਂ ਪਰ ਜਿਸ ਸ਼ਿੱਦਤ, ਮੌਜ ਅਤੇ ਠਹਿਰਾਅ ਵਿੱਚ ਆਪ ਨੇ ਗਾਇਆ ਹੈ, ਉਸ ਤੋਂ ਆਪ ਦੇ ਪੇਸ਼ਾਵਰ ਗਾਇਕ ਹੋਣ ਦਾ ਭੁਲੇਖਾ ਪੈਂਦਾ ਹੈ।

ਆਪ ਨੇ ਇੱਕ ਸਮਾਜਸੇਵੀ ਅਤੇ ਪੱਤਰਪ੍ਰੇਰਕ ਵਜੋਂ ਲੱਗਭੱਗ ਸਾਰੀ ਦੁਨੀਆਂ ਗਾਹ ਮਾਰੀ ਹੈ। ਇਨ੍ਹਾਂ ਯਾਤਰਾਵਾਂ ਤੋਂ ਮੁੜ ਕੇ ਆਪ ਨੇ ਅਖਬਾਰ ਵਿੱਚ ਸੁਚਿੱਤਰ ਲੇਖ ਲਿਖੇ, ਜਿਨ੍ਹਾਂ ਵਿੱਚ ਉਨ੍ਹਾਂ ਦੇਸ਼ਾਂ ਦੇ ਲੋਕਾਂ ਅਤੇ ਧਰਤੀ ਸਬੰਧੀ ਚਰਚਾ ਕੀਤੀ। ਇਨ੍ਹਾਂ ਤੋਂ ਇਲਾਵਾ ਸਫਰਨਾਮਾ, 'ਧਰਤੀਆਂ ਦੇ ਗੀਤ' ਵੀ ਲਿਖਿਆ। ਆਪ ਨੂੰ ਦੇਸ਼ ਦੇ ਤਿੰਨ ਪ੍ਰਧਾਨ ਮੰਤਰੀਆਂ- ਸ਼੍ਰੀ ਵੀ ਪੀ ਸਿੰਘ, ਸ਼੍ਰੀ ਇੰਦਰ ਕੁਮਾਰ ਗੁਜਰਾਲ ਅਤੇ ਸ਼੍ਰੀ ਅਟਲ ਬਿਹਾਰੀ ਵਾਜਪਾਈ ਨਾਲ ਸਰਕਾਰੀ ਵਿਦੇਸ਼ੀ ਦੌਰਿਆਂ 'ਤੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਸੰਨ 1990 ਦੇ ਦੌਰੇ ਸਮੇਂ ਆਪ ਨੂੰ ਸੰਯੁਕਤ ਰਾਸ਼ਟਰ ਦੀ ਸਾਲਾਨਾ ਅਸੈਂਬਲੀ ਨੂੰ ਨਿਊਯਾਰਕ ਵਿਖੇ ਸੰਬੋਧਨ ਕਰਨ ਦਾ ਮੌਕਾ ਵੀ ਮਿਲਿਆ ਜੋ ਕਿਸੇ ਪੱਤਰਕਾਰ ਲਈ ਨਿਵੇਕਲਾ ਸੀ। ਆਪ ਦੀਆਂ ਦੇਸ਼, ਕੌਮ ਅਤੇ ਸਮਾਜ ਲਈ ਅਦੁਤੀ ਦੇਣਾਂ ਬਦਲੇ ਭਾਰਤ ਸਰਕਾਰ ਨੇ 1990 ਵਿੱਚ ਪਦਮ ਸ਼੍ਰੀ ਅਤੇ 2016 ਵਿੱਚ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਆਪ ਦੇ ਪੱਤਰਕਾਰੀ ਵਿੱਚ ਪਾਏ ਬਹੁਮੁੱਲੇ ਯੋਗਦਾਨ ਕਰ ਕੇ 1992 ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੰਨ 2000 ਵਿੱਚ ਬਰਜਿੰਦਰ ਸਿੰਘ ਨੂੰ ਪੱਤਰਕਾਰਤਾ ਅਤੇ ਸਾਹਿਤਿਕ ਖੇਤਰ ਵਿਚ ਕੀਤੇ ਵਰਣਨਯੋਗ ਕਾਰਜਾਂ ਨੂੰ ਮਾਨਤਾ ਦਿੰਦਿਆਂ 'ਡਾਕਟਰ ਆਫ ਲਿਟਰੇਚਰ( ਡੀ.ਲਿੱਟ)' ਦੀ ਮਾਣਮੱਤੀ ਡਿਗਰੀ ਨਾਲ ਨਿਵਾਜਿਆ। ਆਪ ਨੇ ਪੰਜਾਬੀ ਵਿਰਸੇ ਅਤੇ ਇਤਿਹਾਸ ਨੂੰ ਸੰਭਾਲਣ ਲਈ ਪੰਜਾਬ ਸਰਕਾਰ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੀ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਇਸ ਅਧੀਨ ਆਨੰਦਪੁਰ ਸਾਹਿਬ ਵਿਖੇ 'ਵਿਰਾਸਤੇ ਖਾਲਸਾ', ਕਰਤਾਰਪੁਰ ਵਿਖੇ 'ਆਜ਼ਾਦੀ ਦੀ ਲੜਾਈ ਵਿੱਚ ਪੰਜਾਬ ਦੀ ਭੂਮਿਕਾ' ਅਤੇ ਅੰਮ੍ਰਿਤਸਰ ਵਿਖੇ ' ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਦਾ ਸੰਤਾਪ' ਅਜਾਇਬ ਘਰਾਂ ਦੀ ਉਸਾਰੀ ਲਈ ਵਿਉਂਤਵੰਦੀ ਵਿੱਚ ਡਾ. ਬਰਜਿੰਦਰ ਸਿੰਘ ਹਮਦਰਦ ਦੀ ਵਿਸ਼ੇਸ਼ ਭੂਮਿਕਾ ਰਹੀ ਹੈ।

ਡਾ.ਬਰਜਿੰਦਰ ਸਿੰਘ ਦੇ ਇਨ੍ਹਾਂ ਬਹੁਪਰਤੀ ਗੁਣਾਂ ਅਤੇ ਨਿਵੇਕਲੀ ਕਾਰਜਵਿਧੀ ਨੂੰ *ਡਾ.ਰਣਜੀਤ ਸਿੰਘ ਨੇ ਬਾਖੂਬੀ ਬਿਆਨ ਕੀਤਾ ਹੈ- **"ਪਰਮਾਤਮਾ ਜਦੋਂ ਦਿਆਲ ਹੁੰਦਾ ਹੈ ਤਾਂ ਉਹ ਗੁਣਾਂ ਦੇ ਖਜ਼ਾਨੇ ਦੀ ਬਖਸ਼ਿਸ਼ ਕਰ ਦਿੰਦਾ ਹੈ। ਡਾ.ਬਰਜਿੰਦਰ ਸਿੰਘ ਹਮਦਰਦ ਉਨ੍ਹਾਂ ਹੀ ਭਾਗਸ਼ਾਲੀ ਸਖਸ਼ੀਅਤਾਂ ਵਿੱਚੋਂ ਹਨ। ਇਸ ਸਮੇਂ ਉਹ ਪੰਜਾਬੀ ਦੇ ਸਭ ਤੋਂ ਵੱਧ ਸਫਲ ਪੱਤਰਕਾਰ ਹਨ। ਉਨ੍ਹਾਂ ਨੂੰ ਆਧੁਨਿਕ ਪੰਜਾਬੀ ਪੱਤਰਕਾਰੀ ਦੇ ਮੋਢੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਉਨ੍ਹਾਂ ਪੰਜਾਬੀ ਪੱਤਰਕਾਰੀ ਨੂੰ ਧਾਰਮਿਕ, ਸਿਆਸੀ ਤੇ ਆਪਸੀ ਖਹਿਬਾਜ਼ੀ ਤੋਂ ਬਾਹਰ ਕੱਢ ਕੇ ਨਿਰਪੱਖ ਤੇ ਨਿਧੜਕ ਹੋ ਕੇ ਸੱਚ ਨੂੰ ਬਿਆਨਣ ਦੀ ਪਿਰਤ ਪਾਈ ਹੈ। ਉਹ ਜਿਹੜੀ ਵੀ ਅਖ਼ਬਾਰ ਜਾਂ ਮੈਗਜ਼ੀਨ ਬਾਰੇ ਸੋਚਦੇ ਜਾਂ ਹੱਥ ਲਾਉਂਦੇ ਹਨ, ਉਹ ਹੀ ਸੋਨਾ ਹੋ ਜਾਂਦੀ ਹੈ। ਮਧੁਰ ਅਵਾਜ਼ ਦੀ ਬਖਸ਼ਿਸ਼ ਵੀ ਉਨ੍ਹਾਂ ਉੱਤੇ ਹੋਈ ਹੈ। ਉਨ੍ਹਾਂ ਨੇ ਪੰਜਾਬੀ ਗਾਇਕੀ ਵਿੱਚ ਵਧ ਰਹੇ ਲੱਚਰਪੁਣੇ ਨੂੰ ਠਲ੍ਹ ਪਾਉਣ ਲਈ ਸੰਜੀਦਾ ਗਾਇਕੀ ਦੀ ਪਿਰਤ ਪਾਈ ਹੈ। ਉਹ ਵਧੀਆ ਲੇਖਕ ਵੀ

ਬਾਕੀ ਸਫਾ 23 'ਤੇ......



## NEW FIVE YEAR MEMBERS OF "SAINI SANSAR"

Jagdev Singh
Saini Bhawan, Rupnagar

Continued from page 12 of 39th Issue

889. **S. Jasvir Singh**
# 36, Durga Nagar, Amabala City
890. **Sh. Shrvesh Saini**
Aggarwal Colony, Bhawani (Haryana)
891. **S. Satwinder Singh**
#2 , Type 6, Nuhon Colony, Ghanauli
892. **S. Gurjitinder Singh**
# 40, G.Z.S. Nagar, Ropar
893. **S. Uddam Singh Ex Sarpanch**
Vill. Nanakpura, Distt. Ropar
894. **Dr. Jaswant Singh**
VPO Bela, Distt. Ropar
895. **S. Dharamvir Longia**
# 401, Lane B-3, Block C, Mohali
896. **S. Gurcharn Singh**
# 38, Sukhram Colony, Ropar
897. **S. Harbhajan Singh**
Vill. Nikaha, PO Piprawan, Distt. Lakhipur Khiri
898. **Dr. Bhag Singh Bola**
G.Z.S. Nagar, Ropar
899. **S. Kuldeep Singh Mundra**
Vill. Haveli Kalan, Ropar
900. **S. Avtar Singh**
Vill. Langora, Distt. S.B.S. Nagar
901. **S. K.L. Saini**
Chandigarh
902. **Er. Karnail Singh**
# 97, Hargobind Nagar, Ropar
903. **S. Surinder Singh**
# 633, G.Z.S. Nagar, Ropar
904. **S. Mohinder Singh Advocate**
# 4, Guru Teg Bahadur Nagar, Ropar
905. **S. Karnail Singh**
Gobind Nagar, Behind JRTheatre, Ropar
906. **Smt. Jasvir Kaur**
Mohali
907. **S. Hardeep Singh**
S.B.S. Nagar (Nawanshahr)
908. **S. Roshan Singh**
#151, Dashmesh Nagar, Ropar
909. **S. Dalbir Singh Saini (Retd. DEO)**
#01-F, Golf Link Apt. Hambran Rd., Ldh
910. **S. Harbinder Singh Gahunia**
1, Daisyfield, Blvd, Brampton, Canada
911. **S. Prabhjot Singh Saini**
Vill. Hrerabad, PO. Phool Khurd, Ropar
912. **S. Jasbir Singh**
Vill. Bhaddal, P.O. Sainfalpur, Ropar
913. **Sh. Ram Kumar**
Vill. Mukari, Distt. Ropar
914. **S.S.K.N. Singh**
# 3015, Phase No. 2, Urban Estate, Ludhiana

## New Life Members of Saini Bhawan

Continued from page 12 of 39th Issue

550. **S. Gurnam Singh**
s/o S. Hazara Singh
# 296, Gillco Valley,
Rupnagar



551. **S.Harvinder Singh Gahunia**
# 1, Daisyfield Blvd.
Brompton, Canada



*Talent takes you to the top
But behaviour decides how long
you stay there*



ਕਹਾਣੀ

## ਟੱਬ 'ਤੇ ਮਾਲਕੀ ਕਰਦੀ ਐਂ

ਈਸ਼ਰ ਸਿੰਘ
ਥਲੀ ਕਲਾਂ

"ਟੱਬ ਉੱਤੇ ਮਾਲਕੀ ਕਰਦੀ ਐਂ" ਧੀ ਦੀ ਨਣਦ ਦੇ ਬੋਲ ਸੁਣ ਕੇ ਉਸ ਦੇ ਪਿਤਾ ਉੱਤੇ ਸੌ ਘੜੇ ਪਾਣੀ ਦੇ ਪੈ ਗਏ। ਉਹ ਸੋਚ ਰਿਹਾ ਸੀ ਕਿ ਕਿੱਥੇ ਰੱਬ ਦੀਆਂ ਬਰਕਤਾਂ ਵਾਲਾ ਮਾਲੋਮਾਲ ਹੋਇਆ ਘਰ ਅਤੇ ਕਿੱਥੇ ਨਕਾਰਾ ਟੱਬ।

ਜੇਕਰ ਧੀ ਨੂੰ ਸੁੱਖਾਂ ਵਾਲਾ ਘਰ ਮਿਲ ਜਾਵੇ ਤਾਂ ਬਾਬਲ ਨੂੰ ਹੋਰ ਕੀ ਚਾਹੀਦਾ ਹੈ। ਦਰਸ਼ਣ ਸਿੰਘ ਆਪਣੀ ਇਕਲੌਤੀ ਧੀ, ਦੀਪੋ ਨੂੰ ਨਿੰਮੇ ਦੇ ਘਰ ਵਿਆਹ ਕੇ ਬਹੁਤ ਖੁਸ਼ ਸੀ ਕਿਉਂਕਿ ਇਹ ਘਰ ਇਲਾਕੇ ਵਿੱਚੋਂ ਸਿਰ ਕੱਢਵਾਂ ਅਤੇ ਖਾਂਦਾ-ਪੀਂਦਾ ਘਰ ਸੀ। ਕਦੇ ਕਦੇ ਉਹ ਸੋਚਦਾ ਕਿ ਉਸ ਦੀ ਧੀ ਨੇ ਪਤਾ ਨ੍ਹੀ ਕਿਹੜੇ ਪੁੰਨ ਕੀਤੇ ਸਨ ਜੋ ਉਹ ਐਨੇ ਉੱਚੇ ਘਰ ਵਿੱਚ ਚਲੀ ਗਈ। ਧੀ ਵੀ ਬਹੁਤ ਖੁਸ਼ ਸੀ। ਜਦੋਂ ਉਹ ਪੇਕੇ ਜਾਂਦੀ ਤਾਂ ਆਪਣੇ ਘਰ ਵਾਲਿਆਂ ਅਤੇ ਰਿਸ਼ਤੇਦਾਰਾਂ ਕੋਲ ਆਪਣੇ ਸਹੁਰਾ ਘਰ ਦੀਆਂ ਸਿਫਤਾਂ ਕਰ ਕਰ ਕੇ ਨਾ ਥੱਕਦੀ। ਕਦੇ ਆਖਦੀ ਕਿ ਉਸ ਘਰ ਵਿੱਚ ਤਾਂ ਰੱਬ ਦੀਆਂ ਬਰਕਤਾਂ ਦਾ ਅੰਤ ਨਹੀ। ਸੱਸ ਵਿਚਾਰੀ ਨੂੰ ਤਾਂ ਪਤਾ ਹੀ ਨਹੀਂ ਕਿ ਦੂਜਾਇਗੀ ਕਿਵੇਂ ਕਰੀਦੀ ਹੈ। ਸਹੁਰਾ ਵਿਚਾਰਾ ਤਾਂ ਹਰ ਸਮੇਂ ਸਮਾਨ ਢੋਂਦਾ ਹੀ ਨਹੀਂ ਥੱਕਦਾ। ਉਹ ਤਾਂ ਨਿਰਾ ਦੇਵਤਾ ਜਾਪਦਾ ਹੈ, ਜਿਵੇਂ ਉਸ ਦੇ ਮਨ ਵਿੱਚ ਜ਼ੁਬਾਨ ਹੀ ਨਹੀਂ ਹੁੰਦੀ।

ਧੀ ਦੀਆਂ ਗੱਲਾਂ ਸੁਣ ਸੁਣ ਕੇ ਦਰਸ਼ਣ ਸਿੰਘ ਦੀ ਕਈ ਕਈ ਦਿਨ ਖੁਮਾਰੀ ਹੀ ਨਹੀਂ ਉੱਤਰਦੀ ਸੀ। ਕਿੰਨੀ ਵਾਰ ਉਸ ਨੇ ਗੁਰੂ ਘਰਾਂ ਵਿੱਚ ਜਾ ਕੇ ਮੱਥੇ ਟੇਕੇ ਸਨ। ਉਸ ਦਾ ਕਾਰੋਬਾਰ ਵੀ ਪਹਿਲਾਂ ਨਾਲੋਂ ਚੰਗਾ ਸੀ। ਫਿਰ ਵੀ ਘਰ ਵਿੱਚ ਕੁੱਝ ਅਣਹੋਆ ਜਿਹਾ ਵਾਪਰਨ ਦੀ ਭਿਣਕ ਪੈ ਰਹੀ ਸੀ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਲੜਾਈਆਂ ਉਨ੍ਹਾਂ ਘਰਾਂ ਵਿੱਚ ਹੁੰਦੀਆਂ ਹਨ ਜਿਨ੍ਹਾਂ ਵਿੱਚ ਭੁੱਖ-ਨੰਗ ਵਰਤੀ ਹੁੰਦੀ ਹੈ। ਇੱਥੇ ਅਜਿਹੀ ਕੋਈ ਗੱਲ ਨਹੀਂ ਸੀ।

ਉਸ ਦੀ ਧੀ ਨਾਲ ਤਾਂ ਕਿਸੇ ਦੀ ਕੋਈ ਦੁਸ਼ਮਣੀ ਨਹੀਂ ਸੀ, ਨਾ ਹੀ ਕਿਸੇ ਨਾਲ ਕੋਈ ਉਸ ਦੀ ਪੁਰਾਣੀ ਰੰਜਿਸ਼ ਸੀ।ਪਰ ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ। ਉਸ ਦੀ ਧੀ ਨੇ ਘਰ ਵਿੱਚ ਹੁੰਦੀ ਘੁਸਰਮੁਸਰ ਜ਼ਰੂਰ ਸੁਣੀ ਸੀ। ਇੱਕ ਦਿਨ ਉਸ ਦੀ ਛੋਟੀ ਨਣਦ ਕਹਿੰਦੀ ਸੀ, " ਇਹ ਕੀ ਬਣੀ ਫਿਰਦੀ ਹੈ, ਸੋਚਦੀ ਹੈ ਕਿ ਮੇਰੀ ਸੱਸ ਅਤੇ ਸਹੁਰਾ ਮੇਰੇ ਕਾਬੂ ਵਿੱਚ ਹਨ। ਮੈਂ ਮਾਲਕਣ ਬਣ ਗਈ ਹਾਂ। ਇਸ ਨੂੰ ਇਹ ਨਹੀਂ ਪਤਾ ਕਿ ਮੈਂ ਕੌਣ ਹਾਂ ਅਤੇ ਕੀ ਕਰ ਸਕਦੀ ਹਾਂ"। ਕੁੱਝ ਦਿਨਾਂ ਮਗਰੋਂ ਉਸ ਦੀ ਛੋਟੀ ਨਣਦ ਤੇ ਉਸ ਦਾ ਸਹੁਰਾ ਘਰ ਆ ਧਮਕੇ। ਉਨ੍ਹਾਂ ਲਈ ਵਧੀਆ ਖਾਣਾ ਤਿਆਰ ਕੀਤਾ ਗਿਆ। ਜਦੋਂ ਖਾਣਾ ਪਰੋਸਿਆ ਤਾਂ ਨਣਦ ਕੌਲੀ ਤੇ ਪਲੇਟ ਪਰ੍ਹੇ ਵਗਾਹ ਕੇ ਮਾਰਦੀ ਹੋਈ ਬੋਲੀ, " ਐਨੀਆਂ ਮਿਰਚਾਂ ਫੂਕ ਦਿੱਤੀਆਂ ਹਨ, ਤੇਰਾ ਬਾਪ ਖਾਊਗਾ ਇਸ ਨੂੰ"। ਇਹ ਸੁਣ ਕੇ ਨਿੰਮੇ ਨੂੰ ਵੀ ਗੁੱਸਾ ਚੜ੍ਹ ਗਿਆ। ਉਹ ਮਾੜੀ ਮੋਟੀ ਸ਼ਰਾਬ ਤਾਂ ਪੀਂਦਾ ਹੀ ਸੀ, ਪਰ ਜੀਜੇ ਨੇ ਉਸ ਦਿਨ ਜ਼ਿਆਦਾ ਹੀ ਪਿਲਾ ਦਿੱਤੀ ਹੋਣੀ ਹੈ। ਉਹ ਅੱਗ ਬਬੂਲਾ ਹੁੰਦਾ ਹੋਇਆ ਬੋਲਿਆ, " ਹਰਾਮਜ਼ਾਦੀ! ਮੇਰੇ ਰਿਸ਼ਤੇਦਾਰਾਂ ਦੀ ਇਹ ਕਦਰ ਕਰਦੀ ਏਂ, ਤੈਨੂੰ ਦੱਸਾਂ ਮੈਂ ਕੌਣ ਹਾਂ"। ਉਸ ਨੇ ਉਸ ਨੂੰ ਵਾਲਾਂ ਤੋਂ ਫੜ ਕੇ ਅਜਿਹਾ ਘਸੀਟਿਆ ਕਿ ਮਕਾਨ ਦੀ ਕੰਧ ਨਾਲ ਸਿਰ ਜਾ ਵੱਜਾ ਅਤੇ ਉਹ ਲਹੂਲੁਹਾਨ ਹੋ ਗਈ। ਸਾਰਾ ਵਿਹੜਾ ਇਕੱਠਾ ਹੋ ਗਿਆ। ਆਖਰਕਾਰ ਡਾਕਟਰ ਕੋਲ ਲੈ ਗਏ। ਉਸ ਨੇ ਪੱਟੀਆਂ ਕਰ ਦਿੱਤੀਆਂ।

ਮਾੜੀ ਘਟਨਾ ਅੱਗ ਵਾਂਗ ਫੈਲ ਜਾਂਦੀ ਹੈ। ਦੀਪੋ ਦਾ ਪਿਤਾ ਵੀ ਆ ਗਿਆ। ਲੜਕੀ ਨੇ ਕਿਹਾ, " ਪਿਤਾ ਜੀ! ਇਸ ਤਰ੍ਹਾਂ ਦੀਆਂ ਗੱਲਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ, ਤੁਸੀਂ ਕਾਹਨੂੰ ਆਉਣਾ ਸੀ"। ਨਣਦ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ। ਦੀਪੋ ਤੋਂ ਮਸਾਂ ਬੋਲ ਹੁੰਦਾ ਸੀ। ਉਸ ਦੇ ਵੱਲ ਦੇਖ ਕੇ ਪਿਤਾ ਦੀਆਂ ਅੱਖਾਂ ਅੱਥਰੂਆਂ ਨਾਲ ਭਰ ਗਈਆਂ। ਪਰ ਫਿਰ ਵੀ ਨਣਦ ਬੋਲਣੋ ਨਾ ਹਟੀ, " ਇਸ ਨੇ ਪਰਸੋਂ ਮੇਰੀ ਮਾਂ ਤੋਂ ਟੱਬ ਖੋਹ ਲਿਆ ਸੀ। ਉਹ ਮੱਝ ਨੂੰ ਪਾਣੀ ਪਿਆਉਣ ਲੱਗੀ ਸੀ, ਇਸ ਨੇ ਕਿਹਾ ਕਿ ਇਹ ਤਾਂ ਨਿੰਮੇ ਦੇ ਨਹਾਉਣ ਵਾਸਤੇ ਰੱਖਿਆ ਹੋਇਆ ਹੈ"। ਇਹ ਸੁਣ ਕੇ ਦਰਸ਼ਣ ਸਿੰਘ ਹੈਰਾਨ ਰਹਿ ਗਿਆ ਕਿ ਇਸ ਕੁੜੀ ਨੂੰ ਇਹ ਵੀ ਨਹੀਂ ਪਤਾ ਕਿ ਪਲਾਸਟਿਕ ਦੇ ਟੱਪ ਮੱਝਾਂ ਨੂੰ ਨਹਾਉਣ ਵਾਸਤੇ ਨਹੀਂ ਹੁੰਦੇ, ਉਹ ਤਾਂ ਨਾਜ਼ੁਕ ਹੁੰਦੇ ਹਨ। ਫਿਰ ਵੀ ਉਹ ਉੱਥੋ ਤੁਰ ਪਿਆ ਕਿਉਂਕਿ ਉਸ ਨੇ ਗੁਰੂ ਘਰ ਤੋਂ ਸੁਣਿਆਂ ਹੋਇਆ ਸੀ ਕਿ ਮੂਰਖਾਂ ਨਾਲ ਨਹੀਂ ਉਲਝੀਦਾ। ਪਰ ਵਾਰ ਵਾਰ ਉਸ ਦੇ ਮਨ ਵਿੱਚ ਘੰਟੀਆਂ ਖੜਕ ਰਹੀਆਂ ਸਨ ਕਿ ਕਿੱਥੇ ਇਹ ਉੱਚੇ ਦਰ ਵਾਲਾ ਘਰ ਤੇ ਕਿੱਥੇ ਨਿਕੰਮਾਂ ਟੱਬ।

❊ ❊ ❊ ❊ ❊

....ਸਫਾ 21 ਦੀ ਬਾਕੀ

ਹਨ। ਅਸਲ ਵਿੱਚ ਉਹ ਲੇਖਕ ਹੀ ਬਣਨਾ ਚਾਹੁੰਦੇ ਸਨ ਪਰ ਪੱਤਰਕਾਰੀ ਦੀ ਵਿਰਾਸਤ ਨੇ ਉਨ੍ਹਾਂ ਦੇ ਇਸ ਸੁਪਨੇ ਨੂੰ ਪੂਰਾ ਨਹੀਂ ਹੋਣ ਦਿੱਤਾ।... ਇੰਝ ਉਹ ਤ੍ਰੈਗੁਣੀ ਸੰਗਮ ਹਨ, ਜਿਸ ਕਰ ਕੇ ਉਨ੍ਹਾਂ ਨੂੰ ਗੁਣਾਂ ਦੀ ਤ੍ਰਿਵੈਣੀ ਵੀ ਆਖਿਆ ਜਾ ਸਕਦਾ ਹੈ। ਉਨ੍ਹਾਂ ਦਾ ਖੁਲ੍ਹ ਕੇ ਹੱਸਣਾ ਤੇ ਮਿੱਠ ਬੋਲੜਾ ਸੁਭਾਅ ਵੀ ਇਸ ਲਈ ਜ਼ਿੰਮੇਵਾਰ ਹਨ। ਬਰਜਿੰਦਰ ਸਿੰਘ ਜੇ ਕਿਸੇ ਨੂੰ ਝਿੜਕਦੇ ਵੀ ਹਨ ਤਾਂ ਵੀ ਕਦੇ ਗੁੱਸੇ ਵਿੱਚ ਨਹੀਂ ਆਉਂਦੇ ਸਗੋਂ ਗੱਲਾਂ ਗੱਲਾਂ ਵਿੱਚ ਹੀ ਆਪਣੀ ਨਾਰਾਜ਼ਗੀ ਦਾ ਇਜ਼ਹਾਰ ਕਰ ਦਿੰਦੇ ਹਨ। ਉਨ੍ਹਾਂ ਨੂੰ ਦਿਲ ਜਿੱਤਣ ਦੀ ਤਰਕੀਬ ਆਉਂਦੀ ਹੈ। ਬਣ-ਠਣ ਕੇ ਰਹਿਣਾ ਉਨ੍ਹਾਂ ਦੀ ਆਦਤ ਹੈ, ਦੂਜਿਆਂ ਤੋਂ ਕੰਮ ਲੈਣ ਦੀ ਜਾਚ ਆਉਂਦੀ ਹੈ।..."
ਦੇਸ਼, ਕੌਮ ਅਤੇ ਬਰਾਦਰੀ ਨੂੰ ਆਪ 'ਤੇ ਅੰਤਾਂ ਦਾ ਮਾਣ ਹੈ।

## ਚੜ੍ਹਦੀ ਕਲਾ

ਅਜੈਦੀਪ ਸੰਧੂ

(ਉਨ੍ਹਾਂ ਬੇਸਮਝ ਲੋਕਾਂ ਲਈ ਜੋ ਇਹ ਕਹਿੰਦੇ ਹਨ ਕਿ ਅੰਦੋਲਨਕਾਰੀ ਕਿਸਾਨ ਪਿਕਨਿਕ ਮਨਾ ਰਹੇ ਹਨ।)

ਕਰਦੇ ਨੀ ਕੰਮ ਗੋਡੇ,
ਜੋਤ ਜਾਂਦੀ ਮੁੱਕਦੀ।
ਲੰਘਦੀ ਨਾ ਘੁੱਟ ਸੌਖੀ,
ਵਿੱਚੋ-ਵਿੱਚ ਸੁੱਕਦੀ।
ਘਰ ਬਾਹਰ ਫ਼ਸਲਾਂ 'ਤੇ
ਅੱਖ ਰੱਖੀਂ ਪਿੱਛੋਂ ਏਥੇ।
ਅਣਖਾਂ ਦੀ ਰਾਖੀ ਦਾ ਸਵਾਲ,
ਤੇਰੇ ਬਾਪੂ ਦਾ ਚੜ੍ਹਦੀ ਕਲਾ ਦੇ ਵਿੱਚ ਹਾਲ।
ਸ਼ੇਰ ਬੱਗਿਆ ਵੇ! ਅੰਗ ਸੰਗ ਵਾਹਿਗੁਰੂ ਨਾਲ।


ਆਖੀਂ ਤੇਰੀ ਬੇਬੇ ਨੂੰ ਵੀ,
ਹੌਕਾ ਨਾ ਕੱਢ ਜੇ।
ਰੋਟੀ ਪਿੱਛੇ ਆਏ ਹਾਂ,
ਐਵੇਂ ਰੋਟੀ ਨਾ ਛੱਡ ਜੇ।
ਵੇਲੇ ਨਾ ਹਵੇਲੀ ਵਾਲਾ,
ਜਿੰਦਾ ਮਾਰ ਆਇਓ ਵੇ।
ਡੰਗਰਾਂ ਨੂੰ ਤੂੜੀ ਵਾਲੇ,
ਅੰਦਰ ਵਾੜ ਆਇਓ ਵੇ।
ਦੱਸੀਂ ਬਾਹਰ ਵਾਲਿਆਂ ਨੂੰ,
ਨੈਟ ਨਹੀਂਓਂ ਚੱਲਣਾ,
ਫੋਟੋ ਵਾਲੀ ਹੋਣੀ ਨਹੀਂਓਂ ਕਾਲ।
ਤੇਰੇ ਬਾਪੂ ਦਾ ਚੜ੍ਹਦੀ ਕਲਾ ਦੇ ਵਿੱਚ ਹਾਲ।

ਧੁੰਦ ਵਿੱਚ ਮੁੱਠੀਆਂ ਨੂੰ,
ਕਰਾਂ ਜਦੋਂ ਬੰਦ ਉਏ।
ਓਸ ਵੇਲੇ ਮੈਨੂੰ ਚੇਤੇ,
ਆਉਂਦੀ ਸਰਹੰਦ ਵੇ।
ਬਲਦੀ ਹੋਈ ਲੋਹ ਕੋਲੇ,
ਅੱਗ ਸੇਕ ਲੈਂਦਾ ਹਾਂ।
ਅੱਗ ਵਿੱਚੋਂ ਮੈਂ ਤਾਂ,
ਭਾਈ ਦਿਆਲਾ ਦੇਖ ਲੈਂਦਾ ਹਾਂ।
ਵਲੀਆਂ ਦੇ ਵਲੀ ਦੀ,
ਫੋਟੋ ਮੇਰੇ ਬਟੂਏ 'ਚ,
ਇੱਕੋ ਝਾਤੀ ਲੈਂਦੀ ਏ ਸੰਭਾਲ।
ਤੇਰੇ ਬਾਪੂ ਦਾ ਚੜ੍ਹਦੀ ਕਲਾ ਦੇ ਵਿੱਚ ਹਾਲ।

ਪਾਇਆ ਮੇਰੇ ਗਿੱਟੇ ਉੱਤੇ,
ਸੋਟੀ ਦਾ ਨਿਸ਼ਾਨ ਇਨ੍ਹਾਂ।
ਵੇਖ ਚੁਕਾਇਆ ਕਿੱਦਾਂ,
ਰੋਟੀ ਦਾ ਅਹਿਸਾਨ ਇਨ੍ਹਾਂ।
ਇੱਕ ਮੇਰਾ ਯਾਰ ਜਿਹੜਾ,
ਪਿੰਡ ਦਾ ਜਮਾਤੀ ਓਏ।
ਠੰਢ ਵਿੱਚ ਸੁੱਤੇ ਪਏ ਨੇ,
ਜਾਨ ਗਵਾਤੀ ਓਏ।
ਆਖੀਂ ਉਹ ਦੇ ਮੁੰਡਿਆਂ ਨੂੰ,
ਖਿਝਦੇ ਸੀ ਰਹਿੰਦੇ ਜਿਹੜੇ,
ਘਰ ਵਸੇ ਕੁੰਜੀਆਂ ਦੇ ਨਾਲ।
ਤੇਰੇ ਬਾਪੂ ਦਾ ਚੜ੍ਹਦੀ ਕਲਾ ਦੇ ਵਿੱਚ ਹਾਲ।

ਰਾਤ ਕਿੱਥੇ ਕੱਟੀਦੀ ਏ,
ਖ਼ਬਰ ਨੀ ਆਪ ਦੀ।
ਰਾਜਧਾਨੀ ਦੇਸ਼ ਦੀ ਤਾਂ,
ਮਾਛੀਵਾੜਾ ਜਾਪਦੀ।
ਮਿੱਤਰ ਪਿਆਰੇ ਨੂੰ,
ਕੋਈ ਹਾਲ ਸਾਡਾ ਦੱਸੇ ਜੀ।
ਗੁਰਾਂ ਦੀਆਂ ਮਿਹਰਾਂ ਨਾ,
ਸਰਬੱਤ ਖੁਸ਼ੀ ਵੱਸੇ ਜੀ।
ਕੱਟ ਕੇ ਮੁਸ਼ੱਕਤਾਂ ਨੂੰ,
ਫੇਰ ਉੱਠ ਪੈਣੇ ਸੰਧੂ।
ਦਸਵੇਂ ਗੁਰਾਂ ਦੇ ਸਾਰੇ ਲਾਲ
ਅੰਗ ਸੰਗ ਵਾਹਿਗੁਰੂ ਨਾਲ।
ਤੇਰੇ ਬਾਪੂ ਦਾ ਚੜ੍ਹਦੀ ਕਲਾ ਦੇ ਵਿੱਚ ਹਾਲ।

✽ ✽ ✽ ✽ ✽



ਬਲਬੀਰ ਸਿੰਘ ਸੈਣੀ

ਅਸੀਂ ਸੜ ਗਏ ਢਿੱਡ ਦੀ ਅੱਗ ਅੰਦਰ
ਐਪਰ ਤੈਨੂੰ ਨਾ ਕਦੇ ਵੀ ਸੇਕ ਆਇਆ।
ਸਾਡੇ ਟੱਬਰ ਨੂੰ ਨਾ ਅਜਮਾ ਐਵੇਂ,
ਤੇਰੀ ਹਾਕਮੀ ਨੂੰ ਨਹੀਂ ਤਾਂ ਉੜਾ ਦੇਵਾਂਗੇ।
ਆਪਣੀ ਝੁੱਗੀ ਤਾਂ ਸੜਦੀ ਏ ਸੜੇ ਭਾਵੇਂ,
ਤੇਰੇ ਮਹਿਲਾਂ ਦੀਆਂ ਜੜ੍ਹਾਂ ਹਿਲਾ ਦਿਆਂਗੇ।
ਜਾਗੇ ਯੁੱਗ ਦੇ ਜਾਗੇ ਮਜ਼ਦੂਰ ਹਾਂ ਅਸੀਂ,
ਪੈਦਾ ਕਰ ਸਕਦੇ ਹਾਂ ਸਭ ਕੁਝ ਤਕਦੀਰ ਦੇ ਵਿੱਚ।
ਫੂਕ ਸੁਟਾਂਗੇ ਤੇਰੀਆਂ ਸਭ ਖਾਹਿਸ਼ਾਂ,
ਛੁਪੀ ਅੱਗ ਹੈ ਸਾਡੇ ਸਰੀਰ ਦੇ ਵਿੱਚ।

# ਰਾਤ ਦਾ ਸ਼ਿਕਾਰੀ ਪੰਛੀ - ਚੁਗਲ

ਡਾ. ਮਲਕੀਅਤ ਸਿੰਘ ਸੈਣੀ
ਪਟਿਆਲਾ



ਕੁਦਰਤ ਨੇ ਜਦੋਂ ਸਾਡੇ ਸਾਰੇ ਮੁਲਕ ਨੂੰ ਚੁਗਲਾਂ ਦੀਆਂ 7-8 ਜਾਤੀਆਂ ਦੀ ਬਖਸ਼ਸ਼ ਕੀਤੀ ਤਾਂ ਪੰਜਾਬ ਦੇ ਹਿੱਸੇ ਮਹਿਜ਼ ਇਹ ਇੱਕੋ ਹੀ ਜਾਤੀ ਆਈ। ਜੀਵ ਵਿਗਿਆਨ ਵਿੱਚ Athena brama ਵਜੋਂ ਜਾਣਿਆਂ ਜਾਂਦਾ ਇਹ ਅਜੀਬ ਪੰਛੀ ਜ਼ਿਆਦਾਤਰ ਪਾਕਿਸਤਾਨ, ਭਾਰਤ ਅਤੇ ਬੰਗਲਾ ਦੇਸ਼ ਵਿੱਚ ਪਾਇਆ ਜਾਂਦਾ ਹੈ। ਇਸ ਵਿਚਾਰੇ 'ਤੇ ਚੁਗਲ ਦੇ ਨਾਮ ਦੀ ਚੇਪੀ ਤਾਂ ਮਹਿਜ਼ ਇਸ ਕਰ ਕੇ ਲੱਗ ਗਈ ਏ ਕਿ ਇਸ ਨੂੰ ਰਾਤਾਂ ਦੇ ਹਨੇਰੇ ਵਿੱਚ ਆਦਮੀ ਨਜ਼ਰ ਪੈਂਦਿਆਂ ਹੀ ਚਿਰਕ-ਚਿਰਕ ਤੇ ਚੀਵਕ-ਚੀਵਕ ਜਿਹੀਆਂ ਖਰ੍ਹਵੀਆਂ ਆਵਾਜ਼ਾਂ ਕੱਢਣ ਦੀ ਜੱਦੀ ਆਦਤ ਹੈ। ਸ਼ਾਇਦ ਇਨ੍ਹਾਂ ਆਵਾਜ਼ਾਂ ਰਾਹੀਂ ਇਹ ਆਦਮੀ ਨੂੰ ਕਹਿਣਾ ਚਾਹੁੰਦਾ ਹੋਵੇ ਕਿ ਦਿਨ ਦੇ ਚਾਰ ਪਹਿਰ ਤੂੰ ਬਥੇਰੀ ਧੂੜ ਉੜਾ ਲਈ ਏ, ਹੁਣ ਰਾਤ ਆਈ ਏ ਜਰਾ ਆਰਾਮ ਕਰ ਲੈ, ਮੈਨੂੰ ਵੀ ਘੁੰਮ ਫਿਰ ਕੇ ਆਪਣੀ ਰੋਟੀ ਪਾਣੀ ਦਾ ਬੰਦੋਬਸਤ ਕਰ ਲੈਣ ਦੇ। ਹੋਰ ਪਰਿੰਦਿਆਂ ਨੇ ਭਲਾ ਆਦਮੀ ਜਾਤ ਦੀਆਂ ਕੀ ਚੁਗਲੀਆਂ ਕਰਨੀਆਂ ਨੇ।

ਚੁਗਲ ਉੱਲੂਆਂ ਦੀ ਇੱਕ ਪ੍ਰਜਾਤੀ ਹੈ। ਦੇਖਣ-ਚਾਖਣ ਨੂੰ ਅੰਤਾਂ ਦਾ ਫੁਰਤੀਲਾ, ਮੱਧਰੇ ਕੱਦ (21 ਸੈ.ਮੀ.) ਤੇ ਗੁੰਦਵੇਂ ਸਰੀਰ ਵਾਲਾ ਇਹ ਗੋਲਮੋਲ ਪਰਿੰਦਾ ਲੌਢੇ ਵੇਲੇ ਦਾ ਘੁਸਮੁਸਾ ਹੁੰਦਿਆਂ ਹੀ ਆਪਣੀਆਂ ਛੁਪਣਗਾਹਾਂ 'ਚੋਂ ਨਿਕਲ ਕੇ ਬਿਜਲੀ ਜਾਂ ਟੈਲੀਫੋਨ ਦੇ ਖੰਭਿਆਂ ਦੀਆਂ ਤਾਰਾਂ ਤੇ ਜਾਂ ਫਿਰ ਕੋਠਿਆਂ 'ਤੇ ਬਣੀਆਂ ਧੂੰਆਂ ਕੱਢਣ ਵਾਲੀਆਂ ਚਿਮਨੀਆਂ ਤੇ ਆ ਬਿਰਾਜਦਾ ਹੈ। ਇਹ ਆਮ ਕਰ ਕੇ ਜੋੜਿਆਂ ਦੇ ਰੂਪ ਵਿੱਚ ਵਿਚਰਦਾ ਹੈ, ਪਰ ਕਦੀ ਕਦੀ ਸਾਰੇ ਦਾ ਸਾਰਾ ਟੱਬਰ ਹੀ ਮੂੰਹ ਜੋੜੀ ਬੈਠਾ ਨਜ਼ਰ ਪੈਂਦਾ ਹੈ। ਬਿਜਲੀ ਦੇ ਬਲਬਾਂ ਦੀ ਰੋਸ਼ਨੀ 'ਤੇ ਇਕੱਠੇ ਹੋਣ ਵਾਲੇ ਛੋਟੇ ਮੋਟੇ ਕੀੜੇ-ਮਕੌੜੇ, ਚੂਹੀਆਂ, ਚਕੂੰਦਰਾਂ, ਕਿਰਲੇ ਤੇ ਸਪੋਲੀਏ ਇਸ ਦੀ ਖੁਰਾਕ ਵਿੱਚ ਸ਼ਾਮਿਲ ਹਨ। ਆਦਮੀ ਲਈ ਇਹ ਕਿਸੇ ਕਿਸਮ ਦਾ ਬੋਝ, ਸਿਰਦਰਦੀ ਜਾਂ ਪ੍ਰੇਸ਼ਾਨੀ ਨਹੀਂ। ਪਿੰਡਾਂ, ਕਸਬਿਆਂ, ਸ਼ਹਿਰਾਂ ਦੇ ਚੌਗਿਰਦੇ, ਖੰਡਰ-ਖੋਲ਼ੇ, ਵਗਦੀਆਂ ਤੇ ਖੇਤੀਯੋਗ ਜ਼ਮੀਨਾਂ, ਜੰਗਲ-ਬੇਲੇ ਤੇ ਉੱਜੜੀਆਂ-ਪੁੱਜੜੀਆਂ ਥਾਵਾਂ ਇਸ ਨੂੰ ਸਭ ਗਵਾਰਾ ਹਨ। ਸ਼ਾਇਦ ਇਸ ਕਾਰਨ ਹੀ ਮਨੁੱਖ ਨੇ ਇਸ ਜਾਨਵਰ ਨੂੰ 'ਉਜਾੜ ਮੰਗਦਾ' ਆਖ ਕੇ ਨਫਰਤ ਦਾ ਪਾਤਰ ਵੀ ਬਣਾਇਆ ਹੋਇਆ ਹੈ। ਇਸ ਲਈ ਪੰਜਾਬੀ ਸੱਭਿਆਚਾਰ ਵਿੱਚ ਉੱਲੂ ਅਤੇ ਚੁਗਲ ਨੂੰ ਤ੍ਰਿਸਕਾਰ ਨਾਲ ਹੀ ਪ੍ਰਗਟ ਕੀਤਾ ਜਾਂਦਾ ਰਿਹਾ ਹੈ। ਆਮ ਲੋਕ ਤਾਂ ਮੂਰਖਤਾ ਕਰਨ ਵਾਲੇ ਮਨੁੱਖ ਨੂੰ 'ਉੱਲੂ' ਅਤੇ ਪਿੱਠ ਪਿੱਛੇ ਬਦਨਾਮੀ ਕਰਨ ਵਾਲੇ ਨੂੰ 'ਚੁਗਲ' ਆਖਦੇ ਹਨ।

ਸ਼ਕਲੋਂ-ਸੂਰਤ ਤੇ ਕੱਦ ਕਾਠ ਵਿੱਚ ਇਹ ਕਾਫੀ ਹੱਦ ਤੱਕ ਜੰਗਲੀ ਚੁਗਲ ਤੇ ਧਾਰੀਆਂ ਵਾਲੇ ਏਸ਼ੀਅਨ ਚੁਗਲ ਨਾਲ ਰਲਦਾ ਮਿਲਦਾ ਹੈ। ਪਰ ਉਨ੍ਹਾਂ ਤੋਂ ਵੱਡਾ ਫਰਕ ਇਹ ਹੈ ਕਿ ਇਸ ਦੇ ਸਰੀਰ 'ਤੇ ਚੌੜੇ ਦਾਅ ਪਈਆਂ ਧਾਰੀਆਂ ਦੀ ਬਿਜਾਏ ਬੇਗਿਣਤ ਛੋਟੇ ਛੋਟੇ ਪਰ ਤਰਤੀਬੇ ਹੋਏ ਟਿਮਕਟੇ ਹੁੰਦੇ ਹਨ। ਸਿਰ, ਪਿੱਠ ਅਤੇ ਖੰਭਾਂ ਦੇ ਉੱਪਰਲੇ ਪਾਸੇ ਵੀ ਚਿੱਟੇ ਚਿੱਟੇ ਰੰਗ ਦੀ ਬਹੁਤਾਤ ਹੁੰਦੀ ਹੈ। ਇਸ ਤੋਂ ਇਲਾਵਾ ਇਸ ਦੇ ਚਿਹਰੇ ਅਤੇ ਗਰਦਨ ਦੁਆਲੇ ਇੱਕ ਹਲਕੇ ਪੀਲੇ ਜਾਂ ਜਰਦ ਰੰਗ ਦੀ ਮੋਟੀ ਪੱਟੀ ਹੁੰਦੀ ਹੈ ਜੋ ਇਸ ਨੂੰ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਤੋਂ ਇਕਦਮ ਅਲੱਗ-ਥਲੱਗ ਕਰ ਦਿੰਦੀ ਹੈ। ਰੰਗਾਂ ਤੋਂ ਇਲਾਵਾ ਇਸ ਦੀ ਅੱਡ ਪਹਿਚਾਣ ਕਰਵਾਉਂਦੀ ਹੈ ਇਸ ਦੀ ਅਨੋਖੀ ਆਵਾਜ਼। ਉੱਲੂਆਂ ਦੇ ਕੁਣਬੇ ਵਿੱਚ ਜ਼ਿਆਦਾਤਰ ਆਵਾਜ਼ਾਂ ਹੀ ਇਨ੍ਹਾਂ ਦੀ ਵੱਖਰੀ ਪਹਿਚਾਣ ਵਿੱਚ ਸਹਾਈ ਹੁੰਦੀਆਂ ਹਨ। ਇਸ ਦੀਆਂ ਅੱਖਾਂ ਵੱਡੀਆਂ ਤੇ ਚੁੰਝ ਮੁੜੀ ਹੋਈ ਹੁੰਦੀ ਹੈ। ਉਸ ਨੂੰ ਆਪਣੇ ਤੋਂ ਕੁੱਝ ਸੈਂਟੀਮੀਟਰ ਤੱਕ ਕੁੱਝ ਵੀ ਨਜ਼ਰ ਨਹੀਂ ਆਉਂਦਾ। ਇਹ ਘੱਟ ਰੋਸ਼ਨੀ ਵਿੱਚ ਅਤੇ ਦੂਰ ਜ਼ਿਆਦਾ ਦੇਖ ਸਕਣ ਦੇ ਸਮਰਥ ਹੁੰਦਾ ਹੈ। ਇਹ ਆਪਣੇ ਸਿਰ ਤੇ ਗਰਦਣ ਨੂੰ 270 ਡਿਗਰੀ ਤੱਕ ਘੁਮਾ ਸਕਦਾ ਹੈ। ਇਹ ਜ਼ਿਆਦਾਤਰ ਰਾਤ ਵੇਲੇ ਹੀ ਸ਼ਿਕਾਰ ਕਰਦਾ ਹੈ।



ਇਸ ਦਾ ਪ੍ਰਜਣਨ ਸਮਾਂ ਨਵੰਬਰ-ਅਪ੍ਰੈਲ ਛੇ ਮਹੀਨੇ ਹੁੰਦਾ ਹੈ ਜਦੋਂ ਮਾਦਾ ਕਿਸੇ ਖੜ-ਸੁੱਕ ਰੁੱਖ ਦੀ ਖੋੜ੍ਹ, ਧੂੰਆਂ ਨਿਕਲਣ ਵਾਲੀਆਂ ਚਿਮਨੀਆਂ ਤੇ ਜਾਂ ਫਿਰ ਕੰਧਾਂ 'ਚ ਆਈਆਂ ਵੱਡੀਆਂ ਵੱਡੀਆਂ ਤਰੇੜਾਂ ਵਿੱਚ ਡੰਗ-ਟਪਾਊ ਜਿਹਾ ਆਲ੍ਹਣਾ ਬਣਾ ਕੇ ਆਂਡੇ ਦਿੰਦੀ ਹੈ।

ਉਜਾੜ ਬੀਆਬਾਨ ਦੀ ਮਸਾਣਾਂ ਵਰਗੀ ਚੁੱਪਚਾਪ ਅਤੇ ਘੁੱਪ ਹਨੇਰੀਆਂ ਰਾਤਾਂ ਦੀ ਕਾਲਖ ਦੀ ਬੁੱਕਲ ਵਿੱਚ ਮੂੰਹ ਛੁਪਾ ਕੇ ਦਿਨ ਕਟੀ ਕਰਨ ਵਾਲੇ ਅਤੇ ਡਰਾਉਣੀਆਂ ਸ਼ਕਲਾਂ ਤੇ ਭੈਅ ਭੀਤ ਕਰਨ ਵਾਲੀਆਂ ਅਜੀਬੋ-ਗਰੀਬ ਆਵਾਜ਼ਾਂ ਵਾਲੇ ਪਰ ਕਿਸਾਨਾਂ ਦੇ ਮੁੱਢ-ਕਦੀਮੀ ਦੋਸਤ ਉੱਲੂ ਹੁਣ ਕਦੇ ਕਿਤਾਈਂ ਹੀ ਨਜ਼ਰੀਂ ਪੈਂਦੇ ਹਨ। ਕਦੇ ਸਮਾਂ ਸੀ ਕਿ ਉੱਲੂਆਂ ਦੀ ਆਮਦ ਦੀ ਆਹਟ 'ਤੇ ਲੂੰ-ਕੰਡੇ ਖੜ੍ਹੇ ਕਰਨ ਵਾਲੀ ਡਰਾਉਣੀ ਆਵਾਜ਼ ਸੁਣਦਿਆਂ ਹੀ ਛੋਟੀ ਮੋਟੀ ਜ਼ਿੰਦਗੀ ਝੁਣਝੁਣਾ ਕੇ ਆਪਣੀਆਂ ਖੁੱਡਾਂ ਵਿੱਚ ਸਿਮਟ ਜਾਂਦੀ, ਸਹਿਮ ਜਾਂਦੀ। ਲੇਕਿਨ ਅੱਜ ਇਹ ਸਾਰਾ ਤਾਣਾਬਾਣਾ ਝਿੰਜ ਗਿਆ ਹੈ, ਸੁੰਗੜ ਗਿਆ ਹੈ। ਪੰਜਾਬ ਵਿੱਚੋਂ ਇਹ ਪਰਿੰਦਾ ਸਦਾ ਲਈ ਕੂਚ ਕਰਨ ਦਾ ਪੱਕਾ ਮਨ ਬਣਾਈ ਬੈਠਾ ਹੈ। ਆਓ ਅੱਗਿਓਂ ਦੀ ਹੋ ਕੇ ਇਸ ਦਾ ਰਾਹ ਰੋਕੀਏ, ਇਸ ਦੀ ਤਕਲੀਫ ਜਾਣੀਏ ਤੇ ਇਸ ਦੀ ਨਰਾਜ਼ਗੀ ਦੂਰ ਕਰੀਏ।

ਸ਼ਹੀਦੀ ਦਿਨ 23 ਮਾਰਚ ਨੂੰ ਸਮਰਪਿਤ



## ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਫਾਂਸੀ ਦੇ ਦਿਨ ਦਾ ਅਲੌਕਿਕ ਦ੍ਰਿਸ਼

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

...ਸਾਰੇ ਕੈਦੀ ਆਪਣੀ ਆਪਣੀ ਥਾਂ ਬੰਦ ਹੋ ਗਏ। ਜੋ ਕਦੇ ਨਹੀਂ ਹੋਇਆ ਸੀ, ਇਹ ਉਹ ਹੋ ਰਿਹਾ ਸੀ ਕਿ ਸ਼ਾਮ ਨੂੰ ਬੰਦ ਹੋਣ ਵਾਲੀ ਜੇਲ੍ਹ ਦੁਪਹਿਰ ਨੂੰ ਹੀ ਬੰਦ ਹੋ ਗਈ।.....।

ਸ਼੍ਰੀ ਵੀਰੇਂਦਰ( ਸੰਪਾਦਕ 'ਪ੍ਰਤਾਪ') ਦੇ ਸ਼ਬਦਾਂ ਵਿੱਚ- "ਜਿਸ ਦਿਨ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਦੇ ਤਖਤੇ 'ਤੇ ਲਟਕਾਇਆ ਗਿਆ, ਮੈਂ ਵੀ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਬੰਦ ਸੀ। ਫਾਂਸੀ ਤੋਂ ਪਹਿਲਾਂ ਇੱਕ ਅਜਿਹੀ ਘਟਨਾ ਹੋਈ, ਜੋ ਮੇਰੇ ਦਿਲ ਤੇ ਦਿਮਾਗ 'ਤੇ ਹਮੇਸ਼ਾਂ ਲਈ ਆਪਣਾ ਪ੍ਰਭਾਵ ਛੱਡ ਗਈ ਕਿ ਸਰਦਾਰ ਭਗਤ ਸਿੰਘ ਕਿਸ ਮਜ਼ਬੂਤ ਇਰਾਦੇ ਦੇ ਇਨਸਾਨ ਸਨ?

ਲਾਹੌਰ ਸੈਂਟਰਲ ਜੇਲ੍ਹ ਵਿੱਚ ਉਨ੍ਹਾਂ ਦਿਨਾਂ ਵਿੱਚ ਚੀਫ ਵਾਰਡਰ ਇੱਕ ਰਿਟਾਇਰਡ ਫੌਜੀ ਹਵਾਲਦਾਰ ਸਰਦਾਰ ਚਤਰ ਸਿੰਘ ਸੀ। ਤਿੰਨ ਵਜੇ ਦੇ ਲਗਭਗ ਉਸ ਨੂੰ ਇਹ ਖਬਰ ਮਿਲੀ ਕਿ ਅੱਜ ਸ਼ਾਮ ਨੂੰ ਇਨ੍ਹਾਂ ਤਿੰਨਾਂ ਨੂੰ ਫਾਂਸੀ ਦੇ ਦਿੱਤੀ ਜਾਵੇਗੀ, ਇਸ ਲਈ ਉਹ ਆਪਣੇ ਕੰਮ ਦਾ ਪੂਰਾ ਪ੍ਰਬੰਧ ਕਰ ਲੈਣ। ਚਤਰ ਸਿੰਘ ਮਿੱਠੇ ਸੁਭਾ ਅਤੇ ਈਸ਼ਵਰ ਭਗਤ ਮਨੁੱਖ ਸੀ। ਸਵੇਰ ਵੇਲੇ ਉਹ ਗੁਰਬਾਣੀ ਦਾ ਪਾਠ ਕਰਿਆ ਕਰਦੇ ਸਨ। ਉਸ ਨੂੰ ਜਦੋਂ ਪਤਾ ਲੱਗਾ ਕਿ ਭਗਤ ਸਿੰਘ ਦੀ ਜ਼ਿੰਦਗੀ ਦੇ ਕੁੱਝ ਘੰਟੇ ਹੀ ਬਾਕੀ ਹਨ ਤਾਂ ਉਹ ਸਰਦਾਰ ਭਗਤ ਸਿੰਘ ਕੋਲ ਗਿਆ ਅਤੇ ਕਹਿਣ ਲੱਗਾ, " ਪੁੱਤਰ ਹੁਣ ਤਾਂ ਆਖਰੀ ਵੇਲਾ ਆ ਪਹੁੰਚਾ ਹੈ, ਮੈਂ ਤੁਹਾਡੇ ਪਿਤਾ ਬਰੋਬਰ ਹਾਂ। ਮੇਰੀ ਇੱਕ ਗੱਲ ਮੰਨ ਲਓ"।

ਸਰਦਾਰ ਭਗਤ ਸਿੰਘ ਨੇ ਹੱਸ ਕੇ ਕਿਹਾ, "ਕਹੋ ਕੀ ਹੁਕਮ ਹੈ"? ਸਰਦਾਰ ਚਤਰ ਸਿੰਘ ਨੇ ਜਵਾਬ ਦਿੱਤਾ, "ਮੇਰੀ ਕੇਵਲ ਇੱਕ ਦਰਖਾਸਤ ਹੈ ਕਿ ਹੁਣ ਆਖਰੀ ਸਮੇਂ ਤਾਂ ਵਾਹਿਗੁਰੂ ਦਾ ਨਾਂ ਲੈ ਲਓ ਅਤੇ ਗੁਰਬਾਣੀ ਦਾ ਪਾਠ ਕਰ ਲਓ। ਗੁਟਕਾ ਤੁਹਾਡੇ ਲਈ ਲਿਆਇਆ ਹਾਂ"।

ਸਰਦਾਰ ਭਗਤ ਸਿੰਘ ਜ਼ੋਰ ਦੀ ਹੱਸ ਪਏ। ਫੇਰ ਕਿਹਾ, "ਤੁਹਾਡੀ ਇੱਛਾ ਪੂਰੀ ਕਰਨ ਵਿੱਚ ਮੈਨੂੰ ਕੋਈ ਮੁਸ਼ਕਲ ਨਹੀਂ ਹੋ ਸਕਦੀ ਸੀ, ਜੇ ਕੁੱਝ ਸਮਾਂ ਪਹਿਲਾਂ ਤੁਸੀਂ ਕਹਿੰਦੇ। ਹੁਣ ਜਦੋਂਕਿ ਆਖਰੀ ਵੇਲਾ ਆ ਗਿਆ ਹੈ, ਮੈਂ ਪ੍ਰਮਾਤਮਾ ਨੂੰ ਯਾਦ ਕਰਾਂ, ਤਾਂ ਉਹ ਕਹਿਣਗੇ ਕਿ ਇਹ ਬੁਜ਼ਦਿਲ ਹੈ। ਸਾਰੀ ਉਮਰ ਤਾਂ ਉਸ ਨੇ ਮੈਨੂੰ ਯਾਦ ਕੀਤਾ ਨਹੀਂ, ਹੁਣ ਮੌਤ ਸਾਹਮਣੇ ਨਜ਼ਰ ਆਉਣ ਲੱਗੀ ਹੈ, ਤਾਂ ਮੈਨੂੰ ਯਾਦ ਕਰਨ ਲੱਗਾ ਹੈ। ਇਸ ਲਈ ਚੰਗਾ ਇਹ ਹੀ ਹੋਵੇਗਾ ਕਿ ਮੈਂ ਜਿਵੇਂ ਪਹਿਲਾਂ ਆਪਣਾ ਜੀਵਨ ਬਿਤਾਇਆ ਹੈ, ਉਸ ਤਰ੍ਹਾਂ ਮੈਨੂੰ ਇਸ ਦੁਨੀਆਂ ਤੋਂ ਜਾਣ ਦਿਓ। ਮੇਰੇ 'ਤੇ ਇਹ ਇਲਜ਼ਾਮ ਤਾਂ ਕਈ ਲੋਕ ਲਗਾਉਣਗੇ ਕਿ ਮੈਂ ਨਾਸਤਿਕ ਸੀ ਅਤੇ ਪ੍ਰਮਾਤਮਾ ਵਿੱਚ ਵਿਸ਼ਵਾਸ ਨਹੀਂ ਕੀਤਾ, ਪਰ ਇਹ ਤਾਂ ਕੋਈ ਨਹੀਂ ਆਖੇਗਾ ਕਿ ਭਗਤ ਸਿੰਘ ਬੁਜ਼ਦਿਲ ਅਤੇ ਬੇਈਮਾਨ ਸੀ ਅਤੇ ਆਖਰੀ ਵਕਤ ਮੌਤ ਨੂੰ ਸਾਹਮਣੇ ਵੇਖ ਕੇ ਉਸ ਦੇ ਪੈਰ ਲੜਖੜਾਣ ਲੱਗੇ"।

ਨਹੀਂ ਉਨ੍ਹਾਂ ਦੇ ਪੈਰ ਲੜਖੜਾਏ ਨਹੀਂ। ਉਹ ਉਨ੍ਹਾਂ ਵਿੱਚੋਂ ਸਨ ਹੀ ਕਿੱਥੇ, ਜਿਨ੍ਹਾਂ ਦੇ ਪੈਰ ਲੜਖੜਾ ਜਾਇਆ ਕਰਦੇ ਹਨ? ਫੇਰ ਉਨ੍ਹਾਂ ਕੋਲ ਉਸ ਵੇਲੇ ਫੁਰਸਤ ਹੀ ਕਿੱਥੇ ਸੀ? ਉਹ ਤਾਂ ਆਪਣੇ ਸਭ ਤੋਂ ਵੱਡੇ ਦੋਸਤ ਨਾਲ ਮੁਲਾਕਾਤ ਕਰ ਰਹੇ ਸਨ। ਸ਼੍ਰੀ ਪ੍ਰਾਣ ਨਾਥ ਉਨ੍ਹਾਂ ਨੂੰ ਲੈਨਿਨ ਦਾ ਜੋ ਜੀਵਨ ਚਰਿੱਤਰ ਦੇ ਗਏ ਸਨ, ਉਹ ਉਸ ਨੂੰ ਪੜ੍ਹ ਰਹੇ ਸਨ।



ਇਸ ਦੇ ਉਨ੍ਹਾਂ ਨੇ ਅਜੇ ਕੁੱਝ ਪੰਨੇ ਹੀ ਪੜ੍ਹੇ ਸਨ ਕਿ ਉਨ੍ਹਾਂ ਦੀ ਕਾਲਕੋਠੜੀ ਦਾ ਤਾਲਾ ਖੁਲ੍ਹਿਆ। ਜੇਲ੍ਹ ਦੇ ਅਧਿਕਾਰੀ ਆਪਣੀ ਚਮਕਦਾਰ ਯੂਨੀਫਾਰਮ ਪਾਈ ਖੜੋਤੇ ਸਨ " ਸਰਦਾਰ ਜੀ, ਫਾਂਸੀ ਲਗਾਣ ਦਾ ਹੁਕਮ ਆ ਗਿਆ ਹੈ, ਤੁਸੀਂ ਤਿਆਰ ਹੋ ਜਾਓ"।

ਭਗਤ ਸਿੰਘ ਦੇ ਸੱਜੇ ਹੱਥ ਵਿੱਚ ਪੁਸਤਕ ਸੀ। ਉਨ੍ਹਾਂ ਨੇ ਪੁਸਤਕ ਤੋਂ ਬਿਨਾਂ ਅੱਖਾਂ ਉੱਪਰ ਕੀਤਿਆਂ ਖੱਬਾ ਹੱਥ ਉਨ੍ਹਾਂ ਲੋਕਾਂ ਵੱਲ ਉੱਚਾ ਕੀਤਾ, ਠਹਿਰੋ ਇੱਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ। ਆਵਾਜ਼ ਵਿੱਚ ਇੱਕ ਕੜ੍ਹਕ ਤਾਂ ਸੀ ਹੀ, ਇਨਕਲਾਬੀ ਦੋਸਤ ਨੂੰ ਮਿਲਣ ਦੀ ਲਾਲਸਾ ਵੀ ਸੀ। ਡਰ ਤੇ ਉਦਾਸੀ ਦੇ ਭਾਵ ਤਾਂ ਕਿਧਰੇ ਦੂਰ ਪਾਰ ਵੀ ਨਹੀਂ ਸਨ। ਜੇਲ੍ਹ ਅਧਿਕਾਰੀਆਂ ਲਈ ਅਜਿਹੀਆਂ ਗੱਲਾਂ ਅਣਜਾਣੀਆਂ ਸਨ। ਕੁੱਝ ਪੈਰਾਗ੍ਰਾਫ ਪੜ੍ਹ ਕੇ ਭਗਤ ਸਿੰਘ ਨੇ ਪੁਸਤਕ ਛੱਤ ਵੱਲ ਉਛਾਲ ਦਿੱਤੀ ਅਤੇ ਇਕਦਮ ਖੜੋ ਗਏ, 'ਚਲੋ'।.....

" ਸਾਡੇ ਹੱਥਾਂ ਵਿੱਚ ਹੱਥਕੜੀਆਂ ਨਾ ਲਗਾਈਆਂ ਜਾਣ ਅਤੇ ਸਾਡੇ ਚਿਹਰਿਆਂ 'ਤੇ ਕਨਟੋਪ ਨਾ ਲਗਾਏ ਜਾਣ"। ਭਗਤ ਸਿੰਘ ਦੀ ਇਹ ਗੱਲ ਮੰਨ ਲਈ ਗਈ। ਉਸ ਨੇ ਬਹੁਤ ਭਾਵੁਕਤਾ ਨਾਲ ਆਪਣੀ ਕੋਠੜੀ ਨੂੰ ਇੱਕ ਵੇਰ ਫੇਰ ਬਹੁਤ ਪਿਆਰ ਨਾਲ ਵੇਖਿਆ।.... ਉਹ ਕੋਠੜੀ ਤੋਂ ਬਾਹਰ ਆ ਗਏ। ਸੁਖਦੇਵ ਅਤੇ ਰਾਜਗੁਰੂ ਵੀ ਆਪਣੀਆਂ ਕੋਠੜੀਆਂ ਵਿੱਚੋਂ ਬਾਹਰ ਆ ਗਏ ਸਨ। ਤਿੰਨਾਂ ਨੇ ਇੱਕ ਦੂਜੇ ਨੂੰ ਵੇਖਿਆ ਅਤੇ ਗਲੇ ਲਗਾਇਆ। ਤਿੰਨਾਂ ਨੇ ਮਿਲ ਕੇ ਝੂਮਦਿਆਂ ਗਾਇਆ,

" ਦਿਲ ਸੇ ਨਿਕਲੇਗੀ ਨਾ ਮਰ ਕਰ ਭੀ ਵਤਨ ਕੀ ਉਲਫਤ,
ਮੇਰੀ ਮਿੱਟੀ ਸੇ ਭੀ ਖੁਸ਼ਬੂ-ਏ-ਵਤਨ ਆਏਗੀ"

.....ਅੱਗੇ ਅੱਗੇ ਕੁੱਝ ਵਾਰਡਰ ਤੁਰੇ, ਆਸੇ ਪਾਸੇ ਜੇਲ੍ਹ ਅਧਿਕਾਰੀ, ਪਿੱਛੇ ਕੁੱਝ ਹੋਰ ਵਾਰਡਰ ਅਤੇ ਵਿਚਕਾਰ ਇਨਕਲਾਬ ਦੇ ਅਮਰ ਪੁੱਤਰ ਆਪਣੇ ਗੀਤ ਦੀ ਲਹਿਰ ਵਿੱਚ ਡੁੱਬੇ ਹੋਏ।

ਵਾਰਡਰ ਨੇ ਅੱਗੇ ਵਧ ਕੇ ਫਾਂਸੀ ਦਾ ਕਾਲਾ ਦਰਵਾਜ਼ਾ ਖੋਲ੍ਹਿਆ। ਅੰਦਰ ਲਾਹੌਰ ਦਾ ਅੰਗ੍ਰੇਜ਼ ਡਿਪਟੀ ਕਮਿਸ਼ਨਰ ਨਿਯਮਾਂ ਅਨੁਸਾਰ ਖੜ੍ਹਾ ਸੀ। ਉਹ ਇਨ੍ਹਾਂ ਤਿੰਨਾਂ ਨੂੰ ਖੁਲ੍ਹਾ ਵੇਖ ਕੇ ਜ਼ਰਾ ਪ੍ਰੇਸ਼ਾਨ ਹੋਇਆ। ਪਰ ਵੱਡੇ ਜੇਲ੍ਹਰ ਖਾਨ ਮੁਹੰਮਦ ਖਾਨ ਬਹਾਦੁਰ ਮੁਹੰਮਦ ਅਕਬਰ ਨੇ ਉਨ੍ਹਾਂ ਨੂੰ ਵਿਸ਼ਵਾਸ ਕਰਵਾ ਦਿੱਤਾ। ਫੇਰ ਭਗਤ ਸਿੰਘ ਉਨ੍ਹਾਂ ਵੱਲ ਮੁਖਾਤਬ ਹੋਏ। ਉਨ੍ਹਾਂ ਦੀਆਂ ਅੱਖਾਂ ਵਿੱਚ ਖੁਸ਼ੀ ਦੀ ਸ਼ਾਂਤੀ ਸੀ, ਬੁਲ੍ਹਾਂ ਤੇ ਮਿੱਤਰਤਾ ਦੀ ਮੁਸਕਾਨ ਅਤੇ ਆਵਾਜ਼ ਵਿੱਚ ਇੱਕ ਰਾਸ਼ਟਰ ਪੁਰਸ਼ ਵਰਗੀ ਗੰਭੀਰਤਾ। ਬੋਲੇ, "ਵੈਲ ਮਿਸਟਰ ਮੈਜਿਸਰਟੇਟ ਯੂ ਆਰ ਫਾਰਚੂਨੇਟ ਟੂ ਬੀ ਏਬਲ ਟੂ ਡੇਅ ਸੀ ਹਊ ਇੰਡੀਅਨ ਰੈਵੋਲੂਸ਼ਨੀਅਰ ਕੈਨ ਐਮਬ੍ਰੇਸ ਡੈਥ ਵਿਦ ਪਲੇਯਰ ਫਾਰ ਦਿ ਸੇਕ ਆਫ ਦੇਅਰ ਸੁਪ੍ਰੀਮ ਆਇਡਿਲ"।

ਡਿਪਟੀ ਕਮਿਸ਼ਨਰ, ਭਗਤ ਸਿੰਘ ਦੀ ਆਵਾਜ਼, ਸ਼ਬਦ ਸਰੂਪ ਵਿਚਲੀ ਸਚਾਈ ਤੋਂ ਪ੍ਰਭਾਵਿਤ ਹੋ ਕੇ ਪਾਣੀ ਪਾਣੀ ਹੋ ਗਿਆ। ਹੁਣ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਟੇਜ ਦੀਆਂ ਪੌੜੀਆਂ 'ਤੇ ਚੜ੍ਹ ਰਹੇ ਸਨ। ਇਸ ਸਟੇਜ ਨੇ ਅਜਿਹੇ ਪੈਰ ਕਦੇ ਨਹੀਂ ਦੇਖੇ ਸਨ, ਜਿਨ੍ਹਾਂ ਵਿੱਚ ਨਾ ਕੰਬਣੀ ਸੀ, ਨਾ ਲੜਖੜਾਹਟ ਅਤੇ ਜੋ ਜਵਾਨੀ ਦੇ ਭਰਪੂਰ ਜੋਸ਼ ਨਾਲ ਉੱਥੇ ਆ ਗਏ ਸਨ। ਤਿੰਨ ਫੰਦੇ ਲਟਕ ਰਹੇ ਸਨ, ਤਿੰਨ ਵੀਰ ਉਸੇ ਕ੍ਰਮ ਨਾਲ ਉਨ੍ਹਾਂ ਹੇਠਾਂ ਖੜ੍ਹੇ ਹੋ ਗਏ। ਵਿਚਕਾਰ ਭਗਤ ਸਿੰਘ, ਖੱਬੇ ਸੁਖਦੇਵ, ਸੱਜੇ ਰਾਜਗੁਰੂ। ਤਿੰਨੋਂ ਇਕੋ ਵੇਰ ਗਰਜੇ "ਇਨਕਲਾਬ ਜ਼ਿੰਦਾਬਾਦ, ਸਾਮਰਾਜ ਮੁਰਦਾਬਾਦ"।

ਤਿੰਨਾਂ ਨੇ ਆਪਣਾ ਆਪਣਾ ਫੰਦਾ ਪਕੜਿਆ ਅਤੇ ਉਸ ਨੂੰ ਚੁੰਮ ਕੇ ਆਪਣੇ ਹੀ ਹੱਥ ਨਾਲ ਗਲ ਵਿੱਚ ਪਾ ਲਿਆ। ਭਗਤ ਸਿੰਘ ਨੇ ਕੋਲ ਖੜ੍ਹੇ ਜਲਾਦ ਨੂੰ ਕਿਹਾ, " ਕਿਰਪਾ ਕਰ ਕੇ ਹੁਣ ਤੁਸੀਂ ਇਨ੍ਹਾਂ ਫੰਦਿਆਂ ਨੂੰ ਠੀਕ ਕਰ ਲਓ"। ਜਲਾਦ ਨੇ ਅਜਿਹੇ ਲੋਕ ਕਦੋਂ ਵੇਖੇ ਸਨ, ਅਜਿਹੀਆਂ ਆਵਾਜ਼ਾਂ ਕਦੋਂ ਸੁਣੀਆਂ ਸਨ। ਕੰਬਦੇ ਹੱਥਾਂ ਅਤੇ ਡੁਬੀਆਂ ਅੱਖਾਂ ਨਾਲ ਉਸ ਨੇ ਫੰਦੇ ਠੀਕ ਕੀਤੇ, ਹੇਠਾਂ ਆ ਕੇ ਚਰਖੀ ਘੁਮਾਈ, ਤਖਤਾ ਡਿਗਿਆ ਅਤੇ ਤਿੰਨ ਵੀਰ ਭਾਰਤ ਮਾਂ ਨੂੰ ਅਰਪਿਤ ਹੋ ਗਏ। ਇਹ ਸ਼ਾਮ ਦੇ 7 ਵਜ ਕੇ 33 ਮਿੰਟ ਦਾ ਸਮਾਂ ਸੀ। ਜੇਲ੍ਹ ਦਾ ਹਰੇਕ ਜੰਗਲਾ ਜੇਲ੍ਹ ਵਿਚ ਬੰਦ ਹੋਰ ਸਾਰੇ ਕੈਦੀਆਂ ਦੇ " ਇਨਕਲਾਬ ਜ਼ਿੰਦਾਬਾਦ" ਦੇ ਨਾਹਰਿਆਂ ਨਾਲ ਟਕਰਾ ਰਿਹਾ ਸੀ।...

(ਭਗਤ ਸਿੰਘ ਦੇ ਖਾਨਦਾਨ ਦੀ ਸਪੁੱਤਰੀ ਵੀਰੇਂਦਰ ਸੰਧੂ ਦੀ ਲਿਖੀ ਪੁਸਤਕ 'ਯੁੱਗ ਪੁਰਸ਼ ਭਗਤ ਸਿੰਘ ਤੇ ਉਨ੍ਹਾਂ ਦੇ ਬਜ਼ੁਰਗ' ਵਿੱਚੋਂ)



## ਗ਼ਜ਼ਲ

ਜਸਵੰਤ ਸਿੰਘ ਜਗੈਤ
ਕੈਲਗਰੀ( ਕੈਨੇਡਾ)

ਖੋਟਾ ਹਾਕਮ ਗੱਦੀ 'ਤੇ ਬਹਾਲ ਹੋ ਗਿਆ ਹੈ,
ਜ਼ਿਮੀਦਾਰੇ ਲਈ ਜਿੰਦ ਦਾ ਜੰਜਾਲ ਹੋ ਗਿਆ ਹੈ।
ਉੱਪਰੋਂ ਵਾਹੀਕਾਰਾਂ ਦਾ ਹਿਤੈਸ਼ੀ ਦੱਸੇ,
ਦਿਲ ਦੇ ਵਿੱਚੋਂ ਗੈਰਾਂ ਦੇ ਨਾਲ ਹੋ ਗਿਆ ਹੈ।
ਪਰਜਾ ਲਈ ਅਨਚਾਹੇ ਕਾਨੂੰਨ ਘੜਦਾ ਏ,
ਲੋਕਾਂ ਦਾ ਤੰਤਰ ਬਦਹਾਲ ਹੋ ਗਿਆ ਏ।
ਫਾਰਮਰਜ਼ ਦੀ ਆਪਣੀ ਖੇਤੀ ਛੁੜਾ ਦੇਣੀ,
ਜਦ ਚੱਲਣਾ ਨਵੇਂ ਕਾਨੂੰਨਾਂ ਨਾਲ ਹੋ ਗਿਆ ਏ।
ਖੇਤੀ ਚਰਣ ਲਈ ਹਉਮੈਂ ਨੂੰ ਪਾਵੇ ਪੱਠੇ,
ਹਿੱਸਾ ਕੁੱਤੀ ਦਾ ਚੋਰਾਂ ਨਾਲ ਹੋ ਗਿਆ ਏ।
ਨੇਤਾ ਰਾਜਨੀਤੀ ਕਰ ਕੇ ਬਿਜ਼ਨਸ ਲੱਭਣ,
ਪੈਦਾ ਵੱਡਾ ਇਹ ਸਵਾਲ ਹੋ ਗਿਆ ਏ।
ਕੰਪਨੀਆਂ ਮਸਨੂਈ ਥੁੜ ਪੈਦਾ ਕਰਦੀਆਂ,
ਗੈਬ ਜਮ੍ਹਾਂਖੋਰੀ ਵਾਲਾ ਮਾਲ ਹੋ ਗਿਆ ਏ।
ਮਹਿੰਗਾਈ ਦਿਨ-ਬ-ਦਿਨ ਲੱਕ ਤੋੜੀ ਜਾਵੇ,
ਅੱਗ ਦੇ ਭਾਅ ਸਭੋ ਮਾਲ ਹੋ ਗਿਆ ਏ।
ਦੱਬੇ-ਕੁਚਲਿਆਂ ਦੀ ਕਿਧਰੇ ਵੀ ਨਹੀ ਪੁੱਗੇ,
ਜੀਣ ਆਮ ਬੰਦੇ ਦਾ ਮਹਾਲ ਹੋ ਗਿਆ ਏ।
ਕਿਆ ਕਹਿਣਾ ਚੋਰ-ਬਾਜ਼ਾਰੀ ਦਾ ਦੇਸ਼ ਵਿੱਚ,
ਪੂਜੀਪਤੀ ਲਾਣਾ ਖੁਸ਼ਹਾਲ ਹੋ ਗਿਆ ਏ।
ਹਾਕਮ ਵਿਰੁੱਧ ਸਭ ਇਕਮਤ ਹੋਵੋ 'ਜਗੈਤ',
ਫਿਰ ਸਮਝੋ ਉਹ ਗੱਦੀਓਂ ਉਠਾਲ ਹੋ ਗਿਆ ਏ।

* * * * *

ਮੈਂ ਲਿਖਾਂਗੀ
ਉਸ ਗਰੀਬ ਲਈ
ਜਿਸ ਕੋਲ ਭੁੱਖ ਹੈ ਰੋਟੀ ਨਹੀਂ।
ਮੈਂ ਲਿਖਾਂਗੀ
ਉਸ ਅਮੀਰ ਲਈ
ਜਿਸ ਕੋਲ ਰੋਟੀ ਹੈ ਭੁੱਖ ਨਹੀਂ

ਸੁਰਿੰਦਰ ਸੈਣੀ



## ਅਸਲ ਧਨਵਾਨ

ਡਾ. ਜਸਵੰਤ ਕੌਰ ਸੈਣੀ

ਸ਼੍ਰੀ ਰਵਿੰਦਰ ਨਾਥ ਟੈਗੋਰ ਜਾਪਾਨ ਗਏ ਹੋਏ ਸਨ। ਉੱਥੇ ਰੋਜ਼ ਹੀ ਉਹ ਪ੍ਰਵਚਨ ਕਰਦੇ। ਇੱਕ ਬਿਰਧ ਸ਼ਰਧਾਪੂਰਬਕ ਆਉਂਦਾ। ਫੁੱਲ-ਮਾਲਾ ਚੜ੍ਹਾਉਂਦਾ ਅਤੇ ਪ੍ਰਣਾਮ ਕਰ ਕੇ ਸਤਸੰਗ ਵਿੱਚ ਬੈਠ ਜਾਂਦਾ। ਰੋਜ਼ਾਨਾ ਟੈਗੋਰ ਜੀ ਤੋਂ ਪਹਿਲਾਂ ਆਉਂਦਾ, ਪੂਰੀ ਕਥਾ ਸਮਾਪਤ ਹੋਣ ਉਪਰੰਤ ਜਦੋਂ ਟੈਗੋਰ ਜੀ ਉੱਠ ਜਾਂਦੇ ਤਾਂ ਉਹ ਉੱਠਦਾ। ਇੱਕ ਪੂਰੇ ਨਿਹਚਾਵਾਨ ਜਗਿਆਸੂ ਦੀ ਤਰ੍ਹਾਂ ਉਹ ਪ੍ਰਵਚਨ ਸੁਣਦਾ ਸੀ। ਟੈਗੋਰ ਜੀ ਵੱਲ ਦੇਖਦਾ ਰਹਿੰਦਾ। ਟੈਗੋਰ ਜੀ ਦਾ ਇੱਕ ਇੱਕ ਸ਼ਬਦ ਆਪਣੇ ਅੰਦਰ ਧਾਰਨ ਕਰਨ ਦੀ ਕੋਸ਼ਿਸ਼ ਕਰਦਾ। ਸਾਦੇ ਕੱਪੜਿਆਂ ਵਾਲਾ ਇਹ ਬਜ਼ੁਰਗ ਟੈਗੋਰ ਜੀ ਦੇ ਪ੍ਰਵਚਨਾ ਤੋਂ ਲਾਭ ਪ੍ਰਾਪਤ ਕਰ ਰਿਹਾ ਸੀ। ਕਥਾ ਦੀ ਪੂਰਨ ਸਮਾਪਤੀ 'ਤੇ ਲੋਕਾਂ ਨੇ ਜਾਪਾਨ ਦੀ ਕਰੰਸੀ ਯੇਨ ਅਤੇ ਫਲ-ਫੁੱਲਾਂ ਅਦਿ ਦੇ ਢੇਰ ਲਾ ਦਿੱਤੇ। ਉਹ ਬਜ਼ੁਰਗ ਵੀ ਆਇਆ ਅਤੇ ਬੋਲਿਆ, 'ਮੇਰੀ ਨਿਮਰਤਾਸਹਿਤ ਬੇਨਤੀ ਹੈ ਕਿ ਕਲ੍ਹ ਆਪ ਜੀ ਮੇਰੇ ਘਰ ਆਉਣ ਦੀ ਕਿਰਪਾ ਕਰੋ। ਟੈਗੋਰ ਜੀ ਨੇ ਉਸ ਦੀ ਬੇਨਤੀ ਮਨਜ਼ੂਰ ਕਰ ਲਈ। ਅੱਖਾਂ ਵਿੱਚ ਖੁਸ਼ੀ ਦੇ ਅੱਥਰੂ ਲੈ ਕੇ ਉਹ ਬਜ਼ੁਰਗ ਵਿਦਾ ਹੋਇਆ।

ਟੈਗੋਰ ਜੀ ਨੇ ਆਪਣੇ ਨਿਜੀ ਸੇਵਕ ਨੂੰ ਕਿਹਾ, ' ਦੇਖੋ! ਇਹ ਬਜ਼ੁਰਗ ਬਹੁਤ ਭਾਵਨਾ ਵਾਲਾ ਹੈ। ਮੇਰੇ ਪ੍ਰਤਿ ਉਸ ਦੀ ਬਹੁਤ ਸ਼ਰਧਾ ਹੈ। ਮੇਰੇ ਸਵਾਗਤ ਲਈ ਉਹ ਕਿਤੇ ਜ਼ਿਆਦਾ ਖਰਚ ਨਾ ਕਰ ਦੇਵੇ, ਜਿਸ ਨਾਲ ਕਿਤੇ ਉਹ ਦੇ 'ਤੇ ਐਨਾ ਵਿਤੀ ਬੋਝ ਪੈ ਜਾਵੇ। ਇਸ ਲਈ ਕਲ੍ਹ ਉਸ ਦੇ ਘਰੋਂ ਵਾਪਿਸ ਆਉਣ ਸਮੇਂ ਉਸ ਦੇ ਬੱਚਿਆਂ ਨੂੰ ਦੋ ਸੌ ਯੇਨ ਦੇ ਆਉਣਾ। ਕਲ੍ਹ ਨੂੰ ਚਾਰ ਵਜੇ ਆਪਾਂ ਉਸ ਦੇ ਘਰ ਜਾਵਾਂਗੇ'।

ਦੂਜੇ ਦਿਨ ਟੈਗੋਰ ਜੀ ਫੁੱਲਾਂ ਨਾਲ ਸਜੀ ਰੋਲਸ ਰਾਇਲ ਗੱਡੀ ਵਿੱਚ ਬੈਠ ਗਏ। ਟੈਗੋਰ ਜੀ ਨੇ ਸੋਚਿਆ, ਉਹ ਇਸ ਨੂੰ ਕਿਰਾਏ 'ਤੇ ਲਿਆਇਆ ਹੋਵੇਗਾ। ਪਤਾ ਨਹੀਂ ਕਿੰਨਾਂ ਖਰਚ ਕੀਤਾ ਹੋਵੇਗਾ। ਇੱਕ ਪਹਾੜੀ ਉੱਤੇ ਬਣੇ ਮਹਿਲ ਵਿੱਚ ਜਾ ਕੇ ਗੱਡੀ ਰੁਕੀ। ਦਰਬਾਨ ਨੇ ਦਰਵਾਜ਼ਾ ਖੋਲਿਆ। ਗੱਡੀ ਅੰਦਰ ਗਈ। ਮਹਿਲ ਵਿੱਚੋਂ ਕਈ ਭੱਦਰ ਪੁਰਸ਼, ਔਰਤਾਂ ਟੈਗੋਰ ਜੀ ਨੂੰ 'ਜੀ ਅਇਆਂ' ਕਹਿਣ ਲਈ ਆਏ। ਅੰਦਰ ਲਿਜਾ ਕੇ ਸੋਨੇ ਦੀ ਕੁਰਸੀ 'ਤੇ ਬਿਠਾਇਆ। ਸੋਨੇ ਚਾਂਦੀ ਦੀਆਂ ਪੰਜਾਹ ਪਲੇਟਾਂ ਵਿੱਚ ਖਾਣ ਦੀਆਂ ਚੀਜ਼ਾਂ ਪਰੋਸੀਆਂ। ਪਰਿਵਾਰ ਨੇ ਆਦਰ- ਸਤਿਕਾਰ ਨਾਲ ਉਨ੍ਹਾਂ ਦੀ ਪੂਜਾ ਕੀਤੀ ਅਤੇ ਉਨ੍ਹਾਂ ਦੇ ਚਰਨਾਂ ਵਿੱਚ ਬੈਠ ਗਏ।

ਟੈਗੋਰ ਜੀ ਬੋਲੇ,'ਤੁਸੀਂ ਮੈਨੂੰ ਕਿੱਥੇ ਲੈ ਆਏ ਓ? ਮੈਨੂੰ ਆਪਣੇ ਘਰ ਲੈ ਚਲੋ। ਮੈਨੂੰ ਮਹਿਲਾਂ ਨਾਲ ਕੀ ਮਤਲਬ?' ਸਾਦੇ ਕੱਪੜਿਆਂ ਵਾਲੇ ਮਰਦ ਨੇ ਕਿਹਾ, 'ਮਹਾਰਾਜ! ਇਹ ਮੇਰਾ ਹੀ ਮਕਾਨ ਹੈ। ਜਿਸ ਰੋਲਸ ਰਾਇਲ ਗੱਡੀ ਵਿੱਚ ਆਪਾਂ ਆਏ ਹਾਂ ਉਹ ਵੀ ਮੇਰੀ ਹੈ। ਅਜਿਹੀਆਂ ਪੰਜ ਗੱਡੀਆਂ ਮੇਰੇ ਕੋਲ ਹਨ। ਅਜਿਹੀਆਂ ਸੋਨੇ ਦੀਆਂ ਹੋਰ ਕੁਰਸੀਆਂ ਵੀ ਮੇਰੇ ਕੋਲ ਹਨ'। ਉਸ ਨੇ ਆਪਣੇ ਪਰਿਵਾਰ ਨਾਲ ਜਾਣਕਾਰੀ ਕਰਵਾਈ। ਇਹ ਗਰੀਬ ਨਹੀਂ ਅਰਬਾਂਪਤੀ ਹੈ। ਟੈਗੋਰ ਜੀ ਨੇ ਕਿਹਾ, 'ਅੱਛਾ! ਤੁਸੀਂ ਐਨੇ ਅਮੀਰ ਹੋ ਕੇ ਵੀ ਐਨੇ ਸਾਦੇ ਕੱਪੜੇ ਪਾ ਕੇ ਸਤਿਸੰਗ ਵਿੱਚ ਆਉਂਦੇ ਸੀ?' ਉਸ ਵਿਅਕਤੀ ਨੇ ਕਿਹਾ, 'ਮਹਾਰਾਜ! ਮੈਂ ਸਮਝਦਾ ਹਾਂ ਕਿ ਇਹ ਬਾਹਰਲਾ ਸ਼ਿੰਗਾਰ ਅਤੇ ਧਨ-ਦੌਲਤ ਅਸਲੀ ਧਨ ਨਹੀਂ। ਜਿਸ ਧਨ ਨਾਲ ਆਤਮ-ਧਨ ਨਾ ਮਿਲੇ ਉਸ ਧਨ ਉੱਤੇ ਅਭਿਮਾਨ ਕਰਨਾ ਬੇਸਮਝੀ ਹੈ। ਇਹ ਧਨ ਕਦੋਂ ਚਲਾ ਜਾਏ ਕੁੱਝ ਪਤਾ ਨਹੀਂ। ਪਰਲੋਕ ਵਿੱਚ ਇਸ ਧਨ ਦਾ ਕੋਈ ਮੁੱਲ ਨਹੀਂ। ਮਹਾਰਾਜ! ਗਿਆਨ ਅਤੇ ਭਗਤੀ ਧਨ ਅੱਗੇ ਮੇਰਾ ਇਹ ਧਨ ਕੀ ਕੀਮਤ ਰੱਖਦਾ ਹੈ? ਇਹ ਤਾਂ ਮੇਰੇ ਕੋਲੋਂ ਮਜ਼ਦੂਰੀ ਕਰਵਾਉਂਦਾ ਹੈ। ਆਪ ਜੀ ਤੋਂ ਮਿਲਿਆ ਧਨ ਮੈਨੂੰ ਸੰਭਾਲਦਾ ਹੈ। ਇਹੀ ਸੱਚਾ ਧਨ ਹੈ ਜੋ ਮੇਰੀ ਰੱਖਿਆ ਕਰਦਾ ਹੈ। ਮੈਂ ਸਦਾ ਆਪ ਜੀ ਦਾ ਅਹਿਸਾਨਮੰਦ ਰਹਾਂਗਾ। ਜੋ ਸੰਤੋਖ ਅਤੇ ਸ਼ਾਂਤੀ ਆਪ ਜੀ ਦੇ ਸਤਸੰਗ ਤੋਂ ਮਿਲੀ ਹੈ ਉਹ ਇਸ ਧਨ ਤੋਂ ਨਹੀਂ ਮਿਲੀ। ਭਿਖਾਰੀ ਦੀ ਤਰ੍ਹਾਂ ਸਾਦੇ ਵਸਤਰ ਪਹਿਨ ਕੇ ਆਪ ਜੀ ਦੇ ਚਰਨਾਂ ਵਿੱਚ ਬੈਠ ਕੇ ਮੈਂ ਧੰਨ ਹੋ ਗਿਆ ਹਾਂ'।

ਟੈਗੋਰ ਜੀ ਦਾ ਚਿੱਤ ਪ੍ਰਸੰਨ ਹੋ ਗਿਆ। ਉਨ੍ਹਾਂ ਨੇ ਕਿਹਾ,'ਜਿੱਥੇ ਗਿਆਨ ਦਾ ਆਦਰ ਹੁੰਦਾ ਹੈ ਉੱਥੇ ਜੀਵਨ ਦਾ ਆਦਰ ਹੈ, ਉੱਥੇ ਹੀ ਲੱਛਮੀ (ਧਨ) ਠਹਿਰਦੀ ਹੈ। ਸੇਠ ਜੀ! ਤੁਸੀਂ ਅਸਲ ਵਿੱਚ ਸੇਠ ਹੋ। ਮੈਂ ਅੱਜ ਧੰਨ ਹੋ ਗਿਆ ਹਾਂ। ਮੇਰਾ ਸਤਸੰਗ ਸਾਰਥਿਕ ਹੋ ਗਿਆ। ਜੋ ਆਪਣੇ ਹੰਕਾਰ ਨੂੰ ਜਲਾ ਦੇਵੇ, ਆਤਮਿਕ ਅਨੁਭਵ ਵਿੱਚ ਆਪਣਾ ਜੀਵਨ ਧੰਨ ਕਰ ਲਵੇ ਉਹੀ ਸੱਚਾ ਧਨਵਾਨ ਹੈ'

* * * * *

....ਸਫਾ 14 ਦੀ ਬਾਕੀ

ਮੈਂ ਤੈਨੂੰ ਨਹੀਂ ਦੇਖ ਸਕੀ। ਤੂੰ ਪ੍ਰਮਾਤਮਾ ਨਾਲ ਕਿਹੋ ਜਿਹਾ ਪਿਆਰ ਕਰਦਾ ਹੈਂ ਕਿ ਤੈਨੂੰ ਮੇਰਾ ਸਰੀਰ ਦਿਸ ਗਿਆ? ਫਿਰ ਤੂੰ ਗੁੱਸੇ ਵਿੱਚ ਇੰਨਾਂ ਆ ਗਿਆ ਕਿ ਆਪਣੇ ਇਸ਼ਟ ਦੀ ਬੰਦਗੀ ਵੀ ਵਿਚਾਲੇ ਛੱਡ ਕੇ ਮੇਰੇ ਪਿੱਛੇ ਚਿੱਲਾਉਣ ਲੱਗਾ। ਤੂੰ ਘੱਟੋ ਘੱਟ ਬੰਦਗੀ ਤਾਂ ਪੂਰੀ ਕਰ ਲੈਂਦਾ। ਮੈਂ ਏਨੀ ਦੂਰ ਤਾਂ ਨਹੀਂ ਗਈ ਸੀ ਕਿ ਫੜੀ ਨਾ ਜਾ ਸਕਦੀ। ਤੂੰ ਕਿਹੋ ਜਿਹੀ ਬੰਦਗੀ ਕਰ ਰਿਹਾ ਹੈਂ? ਤੂੰ ਆਪਣੇ ਖੁਦਾ ਪ੍ਰਤਿ ਕਿਹੋ ਜਿਹਾ ਪਿਆਰ ਪ੍ਰਗਟ ਕਰ ਰਿਹਾ ਹੈਂ?"

* * * * *

**ਸਦੀਵਤਾ ਦਾ ਖਿਆਲ ਜਿਉਂਦੇ ਬੰਦੇ ਨੂੰ ਇੱਕ ਮੋਇਆ ਹੋਇਆ ਬੁੱਤ ਬਣਾ ਦੇਂਦਾ ਹੈ।**

**-ਪੂਰਨ ਸਿੰਘ**

ਕੌਮਾਂਤਰੀ ਮਾਂਬੋਲੀ ਦਿਵਸ 'ਤੇ ਵਿਸ਼ੇਸ਼

# ਬੋਲੀ ਹੈ ਪੰਜਾਬੀ ਸਾਡੀ

ਗੁਰਬਿੰਦਰ ਸਿੰਘ ਮਾਣਕ



ਮਾਂ ਬੋਲੀ ਕਿਸੇ ਵੀ ਖਿੱਤੇ ਵਿਚ ਵਸੇ ਲੋਕਾਂ ਦੀ ਪਛਾਣ ਦਾ ਮਹੱਤਵਪੂਰਨ ਚਿੰਨ੍ਹ ਹੁੰਦੀ ਹੈ। ਜਿਵੇਂ ਕੋਈ ਵੀ ਮਾਂ ਦੀ ਮਮਤਾ ਦਾ ਕਰਜ਼ ਨਹੀਂ ਉਤਾਰ ਸਕਦਾ, ਬਿਲਕੁਲ ਉਸੇ ਤਰ੍ਹਾਂ ਹੀ ਮਾਂ ਦੇ ਦੁੱਧ ਤੋਂ ਮਿਲੀ ਮਾਖਿਓਂ ਮਿੱਠੀ ਮਾਂਬੋਲੀ ਨੂੰ ਵਿਸਾਰਨਾ ਵੀ ਆਪਣੀ ਮਾਂ ਦਾ ਨਿਰਾਦਰ ਕਰਨ ਦੇ ਤੁੱਲ ਹੈ। ਮਾਂ-ਬੋਲੀ ਕੇਵਲ ਵਿਚਾਰਾਂ ਦੇ ਪ੍ਰਗਟਾਵੇ ਦਾ ਹੀ ਮਾਧਿਅਮ ਨਹੀਂ ਹੁੰਦੀ, ਸਗੋਂ ਜ਼ਿੰਦਗੀ ਨਾਲ ਜੁੜੇ ਹਰ ਸਰੋਕਾਰ ਅਤੇ ਜੀਵਨ-ਜਾਚ ਦਾ ਜੀਵੰਤ ਪ੍ਰਗਟਾਵਾ ਹੁੰਦੀ ਹੈ। ਮਨੁੱਖੀ ਮਨ ਦੇ ਸਾਰੇ ਅਹਿਸਾਸਾਂ ਨੂੰ ਜਿਸ ਸ਼ਿੱਦਤ ਨਾਲ ਮਾਂ-ਬੋਲੀ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ, ਉਹ ਕਿਸੇ ਹੋਰ ਭਾਸ਼ਾ ਨਾਲ ਸੰਭਵ ਨਹੀਂ। ਸੋਚਾਂ,ਵਿਚਾਰਾਂ ਤੇ ਸੁਪਨਿਆਂ ਬਾਰੇ ਸ਼ਾਇਦ ਮਾਂ-ਬੋਲੀ ਤੋਂ ਬਿਨਾਂ ਹੋਰ ਕਿਸੇ ਭਾਸ਼ਾ ਦੇ ਮਾਧਿਅਮ ਰਾਹੀਂ ਸੋਚਿਆ ਵੀ ਨਹੀਂ ਜਾ ਸਕਦਾ। ਕਿਸੇ ਵੀ ਸੱਭਿਆਚਾਰ ਦੇ ਸਾਹਾਂ ਵਿੱਚ ਵਸਦੀ ਮਾਂ-ਬੋਲੀ ਨੂੰ ਉਸ ਤੋਂ ਨਿਖੇੜ ਕੇ ਕਦੇ ਵੀ ਨਹੀਂ ਦੇਖਿਆ ਜਾ ਸਕਦਾ। ਮਾਂ-ਬੋਲੀ ਸੱਭਿਆਚਾਰ ਦੀ ਜਿੰਦ-ਜਾਨ ਹੁੰਦੀ ਹੈ। ਜੇ ਮਾਂ-ਬੋਲੀ ਲੋਕਾਂ ਦੇ ਹਿਰਦਿਆਂ ਵਿੱਚ ਵਸੀ ਹੋਵੇ ਤਾਂ ਬੋਲੀ ਨੂੰ ਕੋਈ ਖਤਰਾ ਹੁੰਦਾ ਹੈ ਤੇ ਨਾ ਹੀ ਸੱਭਿਆਚਾਰ ਦੇ ਮੁੱਲਵਾਨ ਆਦਰਸ਼ਾਂ ਦੇ ਖੁਰਨ ਦਾ ਕੋਈ ਖ਼ਦਸ਼ਾ ਹੁੰਦਾ ਹੈ।

ਮਾਂ ਬੋਲੀਆਂ ਨੂੰ ਮਾਨਤਾ ਦੇਣ ਲਈ ਅਤੇ ਪੂਰੀ ਦੁਨੀਆਂ ਵਿੱਚ ਭਾਸ਼ਾਈ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਣ ਦੇ ਮਕਸਦ ਨਾਲ ਯੂਨੈਸਕੋ ਵਰਗਾ ਅਦਾਰਾ ਵੀ ਹਰ ਸਾਲ 21 ਫਰਵਰੀ ਦੇ ਦਿਨ ਨੂੰ 'ਕੌਮਾਂਤਰੀ ਮਾਂ ਬੋਲੀ' ਦਿਵਸ ਵਜੋਂ ਮਨਾਉਂਦਾ ਹੈ। ਇਸ ਤਰ੍ਹਾਂ ਬਹੁਤ ਸਾਰੇ ਦੇਸ਼ਾਂ ਵਿੱਚ ਆਪਣੀਆਂ ਮਾਂ-ਬੋਲੀਆਂ ਨੂੰ ਪਿਆਰ ਕਰਨ ਵਾਲੇ ਲੋਕ ਇਸ ਦਿਨ ਨੂੰ ਮਨਾ ਕੇ ਮਾਂ-ਬੋਲੀ ਦੀ ਬਿਹਤਰੀ ਲਈ ਯਤਨਸ਼ੀਲ ਹੁੰਦੇ ਹਨ।ਬਹੁਤੇ ਭਾਸ਼ਾ ਮਾਹਿਰ ਇਸ ਗੱਲ ਬਾਰੇ ਇੱਕਮਤ ਹਨ ਕਿ ਬੱਚੇ ਨੂੰ ਮੁਢਲੀ ਸਿੱਖਿਆ ਉਸ ਦੀ ਮਾਂ-ਬੋਲੀ ਵਿੱਚ ਦਿੱਤੀ ਜਾਣੀ ਚਾਹੀਦੀ ਹੈ।

ਰਸੂਲ ਹਮਜ਼ਾਤੋਵ ਦਾ ਕਥਨ ਹੈ, " ਜਿਹੜਾ ਆਦਮੀ ਆਪਣੀ ਮਾਂ-ਬੋਲੀ ਦਾ ਸਤਿਕਾਰ ਨਹੀਂ ਕਰਦਾ, ਉਹ ਸਾਰੀ ਇੱਜ਼ਤ ਗੁਆ ਬੈਠਦਾ ਹੈ"। ਪੰਜਾਬ 'ਤੇ ਇਹ ਕਥਨ ਬਿਲਕੁਲ ਢੁਕਦਾ ਹੈ। ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਪੰਜ ਪਾਣੀਆਂ ਦੀ ਬੋਲੀ ਪੰਜਾਬੀ ਨੂੰ ਆਪਣੇ ਹੀ ਖਿੱਤੇ ਵਿੱਚ ਰੁਲਣਾ ਪੈ ਰਿਹਾ ਹੈ। 1967 ਵਿੱਚ ਰਾਜਭਾਸ਼ਾ ਦਾ ਰੁਤਬਾ ਪ੍ਰਾਪਤ ਕਰਨ ਦੇ ਬਾਵਜੂਦ ਮਾਂ-ਬੋਲੀ ਪੰਜਾਬੀ ਇਸ ਧਰਤੀ ਦੀ ਪਟਰਾਣੀ ਬਣਨ ਦੀ ਥਾਂ ਹੁਣ ਤੱਕ ਗੋਲੀ ਹੀ ਬਣੀ ਰਹੀ ਹੈ। ਅੱਜ ਵੀ ਲੇਖਕਾਂ, ਸਾਹਿਤਕਾਰਾਂ ਤੇ ਪੰਜਾਬੀ-ਪ੍ਰੇਮੀਆਂ ਨੂੰ ਮਾਂ-ਬੋਲੀ ਨੂੰ ਹੱਕੀ ਸਥਾਨ ਦੁਆਉਣ ਲਈ ਧਰਨੇ, ਮੁਜ਼ਾਹਰੇ ਤੇ ਰੈਲੀਆਂ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਸਮੇਂ ਦੇ ਬੀਤਣ ਨਾਲ ਪੰਜਾਬੀ ਦੀ ਸਥਿਤੀ ਵਿੱਚ ਕੁੱਝ ਹਾਂ-ਪੱਖੀ ਰੁਝਾਨ ਆਉਣ ਦੀ ਥਾਂ, ਹਾਲਾਤ ਨਿੱਘਰਦੇ ਜਾ ਰਹੇ ਹਨ। ਪੰਜਾਬ, ਪੰਜਾਬੀ ਅਤੇ ਪੰਜਾਬੀ ਦੇ ਮੁਦਈ ਕਹਾਉਣ ਵਾਲਿਆਂ ਨੇ ਭਾਸ਼ਾ ਮਾਹਿਰਾਂ ਦੀ ਰਾਇ ਦੇ ਉਲਟ ਜਾ ਕੇ ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਥੋਪ ਕੇ ਪੰਜਾਬੀ ਦੇ ਰਾਹ ਵਿੱਚ ਕੰਡੇ ਬੀਜਣ ਦਾ ਕੰਮ ਕੀਤਾ ਹੈ। ਸਰਕਾਰੀ ਦਫ਼ਤਰਾਂ ਵਿੱਚ ਅਜੇ ਵੀ ਬਹੁਤਾ ਕੰਮ ਅੰਗਰੇਜ਼ੀ ਵਿੱਚ ਹੁੰਦਾ ਹੈ। ਰਾਜਭਾਸ਼ਾ ਆਰਡੀਨੈਂਸ ਦੇ ਬਾਵਜੂਦ ਅਫ਼ਸਰਸ਼ਾਹੀ ਅੰਗਰੇਜ਼ੀ ਦੀ ਗ਼ੁਲਾਮ ਜ਼ਹਿਨੀਅਤ ਦਾ ਤਿਆਗ ਕਰਨ ਲਈ ਤਿਆਰ ਨਹੀਂ।

ਅਸਲ ਕਹਾਣੀ ਇਹ ਹੈ ਕਿ ਜੇ ਪੰਜਾਬ ਦੀ ਹਕੂਮਤ ਚਲਾਉਣ ਵਾਲਿਆਂ ਦੇ ਮਨ ਵਿੱਚ ਹੀ ਮਾਂ-ਬੋਲੀ ਪੰਜਾਬੀ ਪ੍ਰਤੀ ਸਤਿਕਾਰ ਤੇ ਸੁਹਿਰਦਤਾ ਦੀ ਭਾਵਨਾ ਨਹੀਂ ਤਾਂ ਕਿਸ ਨੂੰ ਦੋਸ਼ ਦਿੱਤਾ ਜਾਵੇ। ਪੰਜਾਬ ਦੀ ਨਵੀਂ ਬਣੀ ਸਰਕਾਰ ਦੇ ਮੁੱਖ ਮੰਤਰੀ ਸਮੇਤ ਬਹੁਤੇ ਮੰਤਰੀਆਂ ਵਲੋਂ ਅੰਗਰੇਜ਼ੀ ਵਿੱਚ ਸਹੁੰ ਚੁੱਕਣ ਤੋਂ ਹੀ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਪੰਜਾਬੀ ਪ੍ਰਤੀ ਇਨ੍ਹਾਂ ਦਾ ਰਵੱਈਆ ਕੀ ਹੈ। ਹੈਰਾਨੀਜਨਕ ਵਰਤਾਰਾ ਹੈ ਕਿ ਲੋਕਾਂ ਕੋਲੋਂ ਵੋਟਾਂ ਮੰਗਣ ਸਮੇਂ ਲੀਡਰਾਂ ਨੂੰ ਪੰਜਾਬੀ ਦਾ ਹੇਜ ਜਾਗ ਪੈਂਦਾ ਹੈ ਪਰ ਸਰਕਾਰ ਦੇ ਗਠਨ ਤੋਂ ਬਾਅਦ ਅੰਗਰੇਜ਼ੀ ਹਉਮੈਂ ਦਾ ਸਬੂਤ ਦਿੰਦਿਆਂ ਇਹ ਆਪਣੇ ਆਪ ਨੂੰ ਸੂਬੇ ਦੇ ਲੋਕਾਂ ਤੋਂ ਵੱਖਰੇ ਸਮਝਣ ਲਗ ਜਾਂਦੇ ਹਨ। ਇਸ ਤੋਂ ਵੱਡੀ ਬਦਕਿਸਮਤੀ ਕੀ ਹੋ ਸਕਦੀ ਹੈ ਕਿ ਜੇ ਸਿੱਖਿਆ ਤੇ ਭਾਸ਼ਾ ਮੰਤਰੀ ਨੂੰ ਹੀ ਪੰਜਾਬੀ ਬੋਲਦਿਆਂ ਅਸਹਿਜ ਮਹਿਸੂਸ ਹੁੰਦਾ ਹੈ ਤਾਂ ਮਾਂ-ਬੋਲੀ ਪੰਜਾਬੀ ਦੀ ਬਿਹਤਰੀ ਲਈ ਉਨ੍ਹਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ। ਸਰਕਾਰੀ ਸਕੂਲਾਂ ਵਿੱਚੋਂ ਵੱਡੀ ਗਿਣਤੀ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਬਦਲਿਆ ਜਾ ਰਿਹਾ ਹੈ। ਮਿਡਲ ਸਕੂਲਾਂ ਵਿੱਚੋਂ ਪੰਜਾਬੀ ਅਤੇ ਹਿੰਦੀ ਅਧਿਆਪਕਾਂ ਦੀਆਂ ਆਸਾਮੀਆਂ ਵਿੱਚੋਂ ਇੱਕ ਆਸਾਮੀ ਚੁੱਕ ਲੈਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ।

ਕੋਈ ਵੀ ਭਾਸ਼ਾ ਦੂਜੀ ਭਾਸ਼ਾਂ ਤੋਂ ਸ੍ਰੇਸ਼ਟ ਨਹੀਂ ਹੁੰਦੀ। ਹਰ ਭਾਸ਼ਾ ਦਾ ਆਪਣਾ ਗੌਰਵ ਤੇ ਮਹਾਨਤਾ ਹੁੰਦੀ ਹੈ। ਵੱਖ ਵੱਖ ਭਾਸ਼ਾਵਾਂ ਵਿੱਚ ਕਿਸੇ ਵਿਅਕਤੀ ਦੀ ਮੁਹਾਰਤ ਉਸ ਦੇ ਵਿਸ਼ਾਲ ਦਾਇਰੇ ਵਿੱਚ ਵਿਚਰਣ ਲਈ ਸਹਾਈ ਹੋ ਸਕਦੀ ਹੈ। ਪਰ ਮਾਂਬੋਲੀ ਦਾ ਦਰਜਾ ਕਿਸੇ ਵੀ ਹੋਰ ਬੋਲੀ ਤੋਂ ਉੱਪਰ ਨਾ ਹੋਣ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਕਿਸੇ ਵਿਅਕਤੀ ਨੂੰ ਕਿੰਨੀਆਂ ਭਾਸ਼ਾਵਾਂ ਆਉਂਦੀਆਂ ਹਨ, ਇਹ ਮਹੱਤਵਪੂਰਨ ਨਹੀਂ ਹੈ। ਮਹੱਤਵਪੂਰਨ ਇਹ ਹੈ ਕਿ ਉਸ ਦਾ ਆਪਣੀ ਮਾਂਬੋਲੀ ਪ੍ਰਤੀ ਕੀ ਨਜ਼ਰੀਆ ਹੈ। ਜਦੋਂ ਵੀ ਮਾਂ-ਬੋਲੀ ਪੰਜਾਬੀ ਦੇ ਹੱਕ ਵਿੱਚ ਆਵਾਜ਼ ਉਠਾਈ ਜਾਂਦੀ ਹੈ ਤਾਂ

ਇਸ ਦਾ ਮਤਲਬ ਇਹ ਹਰਗਿਜ਼ ਨਹੀ ਕਿ ਹਿੰਦੀ ਜਾਂ ਅੰਗਰੇਜ਼ੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਨ੍ਹਾਂ ਭਾਸ਼ਾਵਾਂ ਦੀ ਆਪਣੀ ਮਹਾਨਤਾ ਹੈ ਤੇ ਇਨ੍ਹਾਂ ਨੂੰ ਸਿੱਖਣ ਵਿੱਚ ਕੋਈ ਮਿਹਣਾ ਨਹੀਂ ਹੈ। ਪਰ ਪੰਜਾਬੀ ਨੂੰ ਵਿਸਾਰ ਕੇ ਇਨ੍ਹਾਂ ਨੂੰ ਮੋਹਰੀ ਬਣਾਉਣਾ ਕਿਸੇ ਵੀ ਤਰ੍ਹਾਂ ਵਾਜਿਬ ਨਹੀਂ ਕਿਹਾ ਜਾ ਸਕਦਾ। ਭਾਸ਼ਾ ਮਾਹਿਰਾਂ ਦੀ ਰਾਇ ਹੈ ਕਿ ਜੇਕਰ ਮਾਂ-ਬੋਲੀ ਵਿੱਚ ਕਿਸੇ ਦੀ ਮੁਹਾਰਤ ਹੋਵੇ ਤਾਂ ਹੋਰ ਭਾਸ਼ਾਵਾਂ ਸਿੱਖਣ ਵਿੱਚ ਵੀ ਆਸਾਨੀ ਹੁੰਦੀ ਹੈ।

ਬਹੁਤ ਦੁਖਦਾਈ ਵਰਤਾਰਾ ਹੈ ਕਿ ਪੰਜਾਬ ਦੇ ਲੋਕ ਆਪਣੀ ਮਾਂ-ਬੋਲੀ 'ਤੇ ਮਾਣ ਕਰਨ ਦੀ ਥਾਂ, ਇਸ ਵੱਲ ਪਿੱਠ ਕਰੀ ਬੈਠੇ ਹਨ। ਮਾਸੂਮ ਬੱਚਿਆਂ ਤੋਂ ਮੁਢਲੇ ਸਾਲਾਂ ਵਿੱਚ ਹੀ ਮਾਂ-ਬੋਲੀ ਦਾ ਹੱਕ ਖੋਹ ਕੇ ਉਨ੍ਹਾਂ ਨੂੰ ਅੰਗਰੇਜ਼ੀ ਦੀ ਗੁਲਾਮੀ ਦੇ ਲੜ ਲਾਇਆ ਜਾ ਰਿਹਾ ਹੈ। ਘਰਾਂ ਵਿੱਚ ਵੀ ਪੰਜਾਬੀ ਵਿੱਚ ਗੱਲ ਕਰਨ ਦੀ ਥਾਂ ਅੰਗਰੇਜ਼ੀ ਅਤੇ ਹਿੰਦੀ ਵਿੱਚ ਗੱਲ ਕਰ ਕੇ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ। ਪੰਜਾਬੀ ਰਿਸ਼ਤੇ-ਨਾਤੇ ਅਤੇ ਨਿੱਤ ਵਰਤੋਂ ਵਿੱਚ ਆਉਂਦੀਆਂ ਗੱਲਾਂ ਨੂੰ ਵੀ, ਬੱਚੇ ਦੀ ਤੋਤਲੀ ਜ਼ੁਬਾਨ ਵਿੱਚ ਸੁਣ ਕੇ ਮਾਪੇ ਫੁੱਲੇ ਨਹੀਂ ਸਮਾਉਂਦੇ। ਲੋਕਾਂ ਦੀ ਇਸ ਮਾਨਸਿਕਤਾ ਦਾ ਲਾਭ ਉਠਾ ਕੇ ਹੀ ਕਾਨਵੈਂਟ ਸਕੂਲਾਂ ਵਾਲੇ ਸਕੂਲ ਵਿੱਚ ਹਿੰਦੀ ਜਾਂ ਅੰਗਰੇਜ਼ੀ ਵਿੱਚ ਹੀ ਗੱਲਬਾਤ ਕਰਨ ਦੇ ਫੁਰਮਾਨ ਜਾਰੀ ਕਰਦੇ ਹਨ ਤੇ ਪੰਜਾਬੀ ਬੋਲਣ ਵਾਲੇ ਨੂੰ ਸਜ਼ਾ ਦਿੱਤੀ ਜਾਂਦੀ ਹੈ। ਕਿਸੇ ਬੱਚੇ ਨੂੰ ਆਪਣੀ ਮਾਂ-ਬੋਲੀ ਵਿੱਚ ਵਿਚਾ ਪ੍ਰਗਟ ਕਰਨ ਤੋਂ ਰੋਕਣਾ ਮਾਨਸਿਕ ਤੌਰ 'ਤੇ ਉਸ 'ਤੇ ਜ਼ੁਲਮ ਕਰਨ ਬਰਾਬਰ ਹੈ। ਮੁਢਲੇ ਸਾਲਾਂ ਵਿੱਚ ਹੀ ਬੱਚੇ ਉੱਤੇ ਅੰਗਰੇਜ਼ੀ ਭਾਸ਼ਾ ਦਾ ਬੋਝ ਪਾ ਕੇ ਉਸ ਦੇ ਸਰੀਰਿਕ,ਮਾਨਸਿਕ, ਸੱਭਿਆਚਾਰਕ ਅਤੇ ਭਾਵਨਾਤਮਿਕ ਵਿਕਾਸ ਦੇ ਰਾਹ ਵਿੱਚ ਰੋੜੇ ਅਟਕਾਏ ਜਾ ਰਹੇ ਹਨ।

ਦਿਲਚਸਪ ਗੱਲ ਇਹ ਹੈ ਕਿ ਮੁਢਲੀ ਅੰਗਰੇਜ਼ੀ ਨਾ ਜਾਣਨ ਵਾਲੇ ਲੋਕ ਵੀ ਵਿਆਹ-ਸ਼ਾਦੀ ਦੇ ਕਾਰਡ ਅੰਗਰੇਜ਼ੀ ਵਿੱਚ ਛਪਾ ਕੇ ਆਪਣੀ ਹਉਮੈਂ ਨੂੰ ਪੱਠੇ ਪਾਉਂਦੇ ਹਨ। ਜਿਸ ਬੋਲੀ ਵਿੱਚ ਉੱਚ ਪਾਏ ਦਾ ਲੋਕ ਸਾਹਿਤ ਹੋਵੇ, ਗੁਰੂ ਸਾਹਿਬਾਨ ਵਲੋਂ ਰਚੀ ਬਾਣੀ ਹੋਵੇ, ਸੂਫੀ ਸਾਹਿਤ ਤੇ ਕਿੱਸਾ -ਕਾਵਿ ਦੀ ਰਚਨਾ ਹੋਵੇ ਤੇ ਆਧੁਨਿਕ ਸਮਿਆਂ ਵਿੱਚ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿੱਚ ਰਚੇ ਸਾਹਿਤ ਦੀਆਂ ਮੁੱਲਵਾਨ ਕਿਰਤਾਂ ਹੋਣ, ਉਸ ਬੋਲੀ ਤੋਂ ਕੋਈ ਮੂੰਹ ਮੋੜ ਲਵੇ ਤਾਂ ਮਨ ਪੀੜ ਪੀੜ ਹੋ ਉੱਠਦਾ ਹੈ। ਹਿੰਦੀ ਦੇ ਰਾਸ਼ਟਰੀ ਭਾਸ਼ਾ ਹੋਣ ਦਾ ਬਹੁਤ ਪ੍ਰਚਾਰ ਕੀਤਾ ਜਾਂਦਾ ਹੈ, ਜਦੋਂਕਿ ਹਕੀਕਤ ਇਹ ਹੈਕਿ ਸੰਵਿਧਾਨ ਦੀ ਅੱਠਵੀਂ ਸੂਚੀ ਵਿੱਚ ਦਰਜ ਸਾਰੀਆਂ ਬੋਲੀਆਂ ਹੀ ਰਾਸ਼ਟਰੀ ਭਾਸ਼ਾਵਾਂ ਹਨ। ਪਿੱਛੇ ਜਿਹੇ ਕੌਮੀ ਸ਼ਾਹ ਰਾਹਾਂ 'ਤੇ ਲੱਗੇ ਬੋਰਡਾਂ 'ਤੇ ਵੀ ਸਭ ਤੋਂ ਉੱਤੇ ਹਿੰਦੀ, ਫੇਰ ਅੰਗਰੇਜ਼ੀ ਅਤੇ ਤੀਜੇ ਨੰਬਰ 'ਤੇ ਪੰਜਾਬੀ ਲਿਖੀ ਗਈ।

ਅਸਲ ਵਿੱਚ ਇਹ ਸਾਰਾ ਕੁੱਝ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਪ੍ਰਤਿ ਦਿਖਾਈ ਜਾ ਰਹੀ ਗੈਰਜ਼ਿੰਮੇਵਾਰੀ ਤੇ ਬੇਰੁਖੀ ਦੀ ਭਾਵਨਾ ਦਾ ਸਿੱਟਾ ਹੈ। ਜੇ ਪੰਜਾਬੀ ਹੀ ਆਪਣੀ ਮਾਂ-ਬੋਲੀ ਨੂੰ ਮਾਣ ਨਹੀਂ ਦੇਣਗੇ ਤਾਂ ਦੂਜਿਆਂ ਤੋਂ ਕੋਈ ਆਸ ਰੱਖਣੀ ਕੇਵਲ ਭਰਮ ਹੀ ਹੈ। ਪੰਜਾਬੀਆਂ ਲਈ ਇਹ ਸ਼ਰਮਸਾਰ ਹੋਣ ਦੀ ਗੱਲ ਹੈ ਕਿ ਕੰਨੜ ਦਾ ਜਾਇਆ ਗੈਰ-ਪੰਜਾਬੀ ਪ੍ਰੋ.ਰਾਓ ਧਨੇਸ਼ਵਰ ਇਕੱਲਾ ਹੀ ਪੰਜਾਬੀ ਬੋਲੀ ਨੂੰ ਹੱਕੀ ਸਥਾਨ ਦੁਆਉਣ ਲਈ ਝੰਡਾ ਚੁੱਕੀ ਤੁਰਿਆ ਹੋਇਆ ਹੈ। ਜੇ ਪੰਜਾਬੀਆਂ ਦੇ ਮਨ ਵਿੱਚ ਮਾਂ-ਬੋਲੀ ਪ੍ਰਤਿ ਅਜਿਹਾ ਅਹਿਸਾਸ ਪੈਦਾ ਹੋਇਆ ਹੁੰਦਾ ਤਾਂ ਅੱਜ ਸਥਿਤੀ ਹੋਰ ਹੁੰਦੀ। ਕਿਸੇ ਵੀ ਸਰਕਾਰ ਨੇ ਪੰਜਾਬੀ ਬੋਲੀ ਦੀ ਬਿਹਤਰੀ ਲਈ ਕੋਈ ਉਪਰਾਲਾ ਨਹੀ ਕੀਤਾ। ਲੋਕਾਂ ਨੂੰ ਮਾਂ-ਬੋਲੀ ਦਾ ਰੁਤਬਾ ਬਹਾਲ ਕਰਨ ਲਈ ਸੁਚੇਤ ਹੋਣ ਦੀ ਜ਼ਰੂਰਤ ਹੈ।

ਅਜਿਹੀ ਨਾਖੁਸ਼ਗਵਾਰ ਸਥਿਤੀ ਵਿੱਚ ਬਹੁਤ ਉਦਾਸ ਹੈ ਮਾਂ-ਬੋਲੀ। ਉਹਦੇ ਆਪਣੇ ਜਾਇਆਂ ਨੇ ਹੀ ਉਸ ਤੋਂ ਮੂੰਹ ਮੋੜ ਲਿਆ ਹੈ। ਸਮੇਂ ਦੀ ਲੋੜ ਅਨੁਸਾਰ ਅੰਗਰੇਜ਼ੀ ਸਿੱਖਣ ਪੜ੍ਹਨ ਵਿੱਚ ਕੋਈ ਬੁਰਾਈ ਨਹੀਂ, ਪਰ ਮਾਂ-ਬੋਲੀ ਨੂੰ ਦਰਕਿਨਾਰ ਕਰ ਕੇ ਕਿਸੇ ਹੋਰ ਭਾਸ਼ਾ ਦੇ ਲੜ ਲੱਗ ਜਾਣਾ ਬੇਸਮਝੀ ਦਾ ਪ੍ਰਗਟਾਵਾ ਹੀ ਕਿਹਾ ਜਾ ਸਕਦਾ ਹੈ। ਸ਼ਾਇਰ ਬਾਬਾ ਨਜ਼ਮੀ ਨੇ ਨਸੀਹਤ ਕੀਤੀ ਹੈ;

ਜਿਹੜੇ ਆਖਣ ਵਿੱਚ ਪੰਜਾਬੀ ਵੁਹਸਤ ਨਹੀਂ, ਤਹਿਜ਼ੀਬ ਨਹੀ। ਪੜ੍ਹ ਕੇ ਵੇਖਣ ਵਾਰਸ, ਬੁਲ੍ਹਾ, ਬਾਹੂ, ਲਾਲ ਪੰਜਾਬੀ ਦਾ।

( ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

* * * * *

## ਧੰਨਵਾਦ

ਪੰਜਾਬ ਸਰਕਾਰ ਨੇ 12 ਜਨਵਰੀ, 2021 ਨੂੰ ਚਾਰ ਮੈਂਬਰੀ **ਸੈਣੀ ਭਲਾਈ ਬੋਰਡ** ਦਾ ਗਠਨ ਕੀਤਾ ਹੈ। ਇਸ ਦੇ ਚੇਅਰਮੈਨ ਡਾ.ਗੁਰਨਾਮ ਸਿੰਘ, ਵਾਸੀ ਰਾਹੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ; ਸੀਨੀਅਰ ਵਾਈਸ ਚੇਅਰਮੈਨ ਸ. ਚਰਨਜੀਤ ਸਿੰਘ, ਵਾਸੀ ਪਿੰਡ ਦਿਆਲਪੁਰ ਤਹਿ. ਜ਼ੀਰਕਪੁਰ ਜ਼ਿਲ੍ਹਾ ਮੋਹਾਲੀ; ਮੈਂਬਰ ਸ.ਸੰਤਾ ਸਿੰਘ ਪੁੱਤਰ ਸ. ਮਲਕੀਅਤ ਸਿੰਘ ਪਿੰਡ ਮਹਿਤਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੇ ਸ. ਰਾਮ ਸਿੰਘ ਸੈਣੀ ਵਾਸੀ ਰੂਪਨਗਰ ਨਿਯੁਕਤ ਕੀਤਾ ਗਿਆ ਹੈ। ਸੈਣੀ ਭਵਨ ਦੇ ਪ੍ਰਬੰਧਕ ਇਸ ਉਸਾਰੂ ਕੰਮ ਲਈ ਸਰਕਾਰ ਦਾ ਧੰਨਵਾਦ ਕਰਦੇ ਹਨ ਅਤੇ ਅਹੁਦੇਦਾਰਾਂ ਨੂੰ ਹਾਰਦਿਕ ਵਧਾਈ ਦਿੰਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਇਹ ਭਲਾਈ ਬੋਰਡ ਸੈਣੀ ਬਰਾਦਰੀ ਦੀਆਂ ਸਮੱਸਿਆਵਾਂ ਅਤੇ ਯੋਗ ਮੰਗਾਂ ਨੂੰ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਇਨ੍ਹਾਂ ਨੂੰ ਹਲ ਕਰਨ ਦੇ ਸਮਰੱਥ ਹੋਵੇਗਾ।



# ਭਾਰਤ ਦੀ ਧੀ ਬਣੀ ਅਮਰੀਕਾ ਦੀ ਉੱਪਰਾਸ਼ਟਰਪਤੀ

ਅਮਰਜੀਤ ਸਿੰਘ
ਰੂਪਨਗਰ

ਅਮਰੀਕਾ ਦੇ ਸੂਬੇ ਕੈਲੇਫੋਰਨੀਆਂ ਦੀ ਸੈਨੇਟਰ ਕਮਲਾ ਹੈਰਿਸ ਦੇਸ਼ ਦੀ ਉੱਪਰਾਸ਼ਟਰਪਤੀ ਚੁਣੀ ਗਈ ਹੈ। ਉਸ ਨੇ 56 ਸਾਲ ਦੀ ਉਮਰ ਵਿੱਚ ਇਹ ਮਾਅਰਕਾ ਮਾਰ ਕੇ ਇਤਿਹਾਸ ਸਿਰਜ ਦਿੱਤਾ ਹੈ। ਉਸ ਨੇ ਅਮਰੀਕਾ ਦੀ **ਪਹਿਲੀ ਔਰਤ ਉੱਪਰਾਸ਼ਟਰਪਤੀ** ਬਣਨ ਦਾ ਜਸ ਖੱਟਿਆ ਹੈ। ਭਾਰਤੀਆਂ ਨੂੰ ਕਮਲਾ ਹੈਰਿਸ 'ਤੇ ਬਹੁਤ ਮਾਣ ਹੈ ਕਿਉਂਕਿ ਉਹ ਭਾਰਤ ਦੀ ਦੋਹਤਰੀ ਹੈ। ਉਸ ਨੇ ਸ਼ੁਰੂਆਤ ਤਾਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਨ ਦੀ ਕੀਤੀ ਸੀ ਪਰ ਪੈਸੇ ਦੀ ਘਾਟ ਮਹਿਸੂਸ ਕਰਦਿਆਂ ਹੱਥ ਖਿੱਚ ਲਿਆ ਸੀ। ਇਸ ਲਈ ਉਸ ਦੀ ਲਿਆਕਤ ਨੂੰ ਪਛਾਣਦਿਆਂ ਡੈਮੋਕਰੈਟਿਕ ਪਾਰਟੀ ਨੇ ਉਸ ਨੂੰ ਉੱਪਰਾਸ਼ਟਰਪਤੀ ਦੇ ਅਹੁਦੇ ਲਈ ਮੈਦਾਨ ਵਿੱਚ ਉਤਾਰ ਦਿੱਤਾ। ਉਹ ਸਾਬਕਾ ਰਸ਼ਟਰਪਤੀ ਬਰਾਕ ਉਬਾਮਾ ਦੇ ਬਹੁਤ ਨੇੜੇ ਰਹੀ ਹੈ ਜਿਸ ਕਾਰਨ ਰਾਜਨੀਤਿਕ ਹਲਕਿਆਂ ਵਿੱਚ ਉਹ 'ਫੀਮੇਲ ਉਬਾਮਾ' ਵਜੋਂ ਜਾਣੀ ਜਾਂਦੀ ਹੈ।

ਕਮਲਾ ਹੈਰਿਸ ਦੇ ਨਾਨਕੇ ਭਾਰਤ ਦੇ ਚੇਨਈ ਸ਼ਹਿਰ ਵਿੱਚ ਹਨ। ਉਸ ਦੀ ਮਾਤਾ ਸ਼ਿਆਮਲਾ ਗੋਪਾਲਨ ਜਵਾਨ ਚੜ੍ਹਦੀ ਉਮਰੇ ਅਮਰੀਕਾ ਦੀ ਯੂਨੀਵਰਸਿਟੀ ਆਫ ਕੈਲੇਫੋਰਨੀਆਂ ਬਰਕਲੇ ਵਿੱਚ ਕੈਂਸਰ ਦੇ ਵਿਸ਼ੇ 'ਤੇ ਪੀ.ਐਚ.ਡੀ ਕਰਨ ਗਈ ਸੀ। ਇਹ ਡਿਗਰੀ ਹਾਸਲ ਕਰ ਕੇ ਉਸ ਨੇ ਜਮਾਇਕਾ ਦੇਸ਼ ਦੇ ਅਮਰੀਕਨ ਡੋਨਾਲਡ ਹੈਰਿਸ ਨਾਲ ਵਿਆਹ ਕਰਵਾ ਲਿਆ। ਉਸ ਦੇ ਦੋ ਲੜਕੀਆਂ- ਕਮਲਾ ਹੈਰਿਸ ਅਤੇ ਮਾਇਆ ਹੈਰਿਸ ਹੋਈਆਂ। ਕਮਲਾ ਹੈਰਿਸ ਦਾ ਜਨਮ ਅਮਰੀਕਾ ਦੇ ਸ਼ਹਿਰ ਔਨਲੈਂਡ ਵਿੱਚ ਹੋਇਆ। ਕੁੱਝ ਸਮੇਂ ਬਾਅਦ ਇਸ ਜੋੜੇ ਦਾ ਤਲਾਕ ਹੋ ਗਿਆ ਅਤੇ ਧੀਆਂ ਨੂੰ ਪਾਲਣ ਦੀ ਸਾਰੀ ਜ਼ਿੰਮੇਵਾਰੀ ਸ਼ਿਆਮਲਾ ਗੋਪਾਲਨ ਦੇ ਸਿਰ ਆ ਪਈ ਜਿਸ ਨੂੰ ਉਸ ਨੇ ਪੂਰੀ ਤਨਦੇਹੀ ਨਾਲ ਨਿਭਾਇਆ। ਉਹ ਕੈਨੇਡਾ ਦੇ ਸ਼ਹਿਰ ਮੌਂਟਰੀਅਲ ਵਿਖੇ ਮੈਕਗਿੱਲ ਯੂਨੀਵਰਸਿਟੀ ਵਿੱਚ ਅਧਿਆਪਕ ਨਿਯੁਕਤ ਹੋ ਗਈ। ਕਮਲਾ ਹੈਰਿਸ ਨੇ ਇੱਥੇ ਹੀ ਆਪਣੀ ਸਕੂਲ ਦੀ ਪੜ੍ਹਾਈ ਕੀਤੀ। ਉਸ ਨੇ ਕਾਲਜ ਦੀ ਪੜ੍ਹਾਈ ਅਮਰੀਕਾ ਦੀ ਹਰਵਾਰਡ ਯੂਨੀਵਰਸਿਟੀ ਤੋਂ ਕੀਤੀ ਅਤੇ ਕਾਨੂੰਨ ਦੀ ਡਿਗਰੀ ਯੂਨੀਵਰਸਿਟੀ ਆਫ ਕੈਲੇਫੋਰਨੀਆਂ ਹੇਸਟਿੰਗਜ਼ ਤੋਂ ਹਾਸਲ ਕੀਤੀ। ਪੜ੍ਹਾਈ ਪੂਰੀ ਕਰ ਕੇ ਉਸ ਨੇ ਅਲਮੇਡਾ ਕਾਊਂਟੀ ਵਿਖੇ ਜ਼ਿਲ੍ਹਾ ਅਟਾਰਨੀ ਨਾਲ ਕੰਮ ਸ਼ੁਰੂ ਕਰ ਦਿੱਤਾ। ਉਹ 2003 ਵਿੱਚ ਸਾਂਫਰਾਸਿਸਕੋ ਦੀ ਪ੍ਰਾਸੀਕਿਊਟਰ ਬਣ ਗਈ ਅਤੇ ਵਕੀਲ ਵਜੋਂ ਖੂਬ ਨਾਮਣ ਖੱਟਿਆ। ਉਹ 2004 ਵਿੱਚ ਸਾਂਫਰਾਸਿਸਕੋ ਦੀ ਜ਼ਿਲ੍ਹਾ ਅਟਾਰਨੀ ਬਣ ਗਈ। ਇਹ ਮਾਣ ਹਾਸਲ ਕਰਨ ਵਾਲੀ ਉਹ **ਪਹਿਲੀ ਸਿਆਹਫ਼ਾਮ ਸਖਸ਼ੀਅਤ** ਸੀ। ਇਸ ਅਹੁਦੇ 'ਤੇ ਉਹ 2011 ਤੱਕ ਤਾਇਨਾਤ ਰਹੀ ਅਤੇ ਨਿਆਂ ਖੇਤਰ ਵਿੱਚ ਕਈ ਨਵੀਆਂ ਪਿਰਤਾਂ ਪਾਈਆਂ। ਉਹ ਹੁਣ ਲੋਕਾਂ ਵਿੱਚ ਹਰਮਨਪਿਆਰੀ ਹੋ ਗਈ ਸੀ। ਇਸ ਲਈ 2011-2017 ਵਿੱਚ ਡੈਮੋਕਰੈਟਿਕ ਪਾਰਟੀ ਵਲੋਂ ਕੈਲੇਫੋਰਨੀਆਂ ਦੀ ਅਟਾਰਨੀ ਜਨਰਲ ਚੁਣੀ ਗਈ। ਇਹ ਅਹੁਦਾ ਹਾਸਲ ਕਰਨ ਵਾਲੀ ਉਹ **ਪਹਿਲੀ ਅਫਰੀਕੀ ਅਮਰੀਕਨ ਅਤੇ ਪਹਿਲੀ ਦੱਖਣੀ ਏਸ਼ੀਅਨ ਅਮਰੀਕਨ ਔਰਤ** ਸੀ। ਉਹ 2017 ਵਿੱਚ ਕੈਲੇਫੋਰਨੀਆਂ ਤੋਂ ਸੈਨੇਟਰ ਚੁਣੀ ਗਈ। ਅਮਰੀਕਾ ਦੀ ਸੈਨੇਟ ਲਈ ਚੁਣੀ ਜਾਣ ਵਾਲੀ ਉਹ **ਪਹਿਲੀ ਦੱਖਣੀ ਏਸ਼ੀਅਨ ਅਮਰੀਕਨ** ਸੀ। ਕਮਲਾ ਹੈਰਿਸ ਅਮਰੀਕਾ ਦੀ ਉੱਪਰਾਸ਼ਟਰਪਤੀ ਬਣਨ ਵਾਲੀ **ਪਹਿਲੀ ਕਾਲ਼ੀ ਔਰਤ ਤੇ ਅਫਰੀਕਨ ਅਮਰੀਕੀ** ਹੈ। ਉਸ ਨੂੰ ਇਸ ਰਾਸ਼ਟਰੀ ਉੱਚ ਅਹੁਦੇ 'ਤੇ ਪਹੁੰਚਣ ਵਾਲਾ **ਪਹਿਲਾ ਭਾਰਤੀ ਪਿਛੋਕੜ ਵਾਲਾ ਵਿਅਕਤੀ** ਹੋਣ ਦਾ ਮਾਣ ਮਿਲਿਆ ਹੈ।



ਉਸ ਨੇ ਇੱਕ ਵਕੀਲ ਦੁਗਲਸ ਐਮਹੌਫ ਨਾਲ ਵਿਆਹ ਕਰਾਇਆ ਜਿਸ ਦੀਆਂ ਪਹਿਲੀ ਪਤਨੀ ਤੋਂ ਦੋ ਲੜਕੀਆਂ- ਏਲਾਸ ਅਤੇ ਕੋਲ ਹਨ ਜਿਨ੍ਹਾਂ ਨੂੰ ਕਮਲਾ ਹੈਰਿਸ ਪਾਲ ਰਹੀ ਹੈ। ਕਮਲਾ ਹੈਰਿਸ ਹੈ ਤਾਂ ਅਮਰੀਕਨ ਨਾਗਰਿਕ ਪਰ ਆਪਣੇ ਆਪ ਨੂੰ ਕਾਲ਼ੀ ਕਹਾਉਣ ਅਤੇ ਭਾਰਤੀ ਸੱਭਿਆਚਾਰ ਨਾਲ ਜੁੜੀ ਹੋਣ 'ਤੇ ਮਾਣ ਮਹਿਸੂਸ ਕਰਦੀ ਹੈ। ਉਹ ਆਪਣੀ ਮੰਮੀ ਨਾਲ ਕਦੇ ਕਦੇ ਭਾਰਤ ਵੀ ਆ ਜਾਂਦੀ ਹੈ। ਉਸ ਦੇ ਚਾਚਾ ਜੀ.ਬਾਲਾਚੰਦਰਨ ਨਵੀਂ ਦਿੱਲੀ ਵਿਖੇ ਅਧਿਆਪਨ ਦੇ ਕਿੱਤੇ ਨਾਲ ਜੁੜੇ ਹੋਏ ਹਨ ਅਤੇ ਕਮਲਾ ਹੈਰਿਸ ਦੇ ਉੱਪਰਾਸ਼ਟਰਪਤੀ ਬਣਨ 'ਤੇ ਮਾਣ ਮਹਿਸੂਸ ਕਰਦੇ ਹਨ। ਅਮਰੀਕਾ ਵਿੱਚ ਵਸਦੇ ਭਾਰਤੀ ਲੋਕਾਂ ਨੇ ਚੋਣ ਸਮੇਂ ਕਮਲਾ ਹੈਰਿਸ ਦੀ ਬਹੁਤ ਮਦਦ ਕੀਤੀ ਹੈ। ਉਮੀਦ ਕੀਤੀ ਜਾਂਦੀ ਹੈ ਕਿ ਭਾਰਤ ਦੀ ਦੋਹਤਰੀ ਇਸ ਜ਼ਿੰਮੇਵਾਰ ਅਹੁਦੇ 'ਤੇ ਪਹੁੰਚ ਕੇ ਭਾਰਤ-ਅਮਰੀਕਾ ਸਬੰਧਾਂ ਨੂੰ ਸੁਖਾਵੇਂ ਬਣਾਉਣ ਵਿੱਚ ਵਰਣਨਯੋਗ ਵਾਧਾ ਕਰੇਗੀ।

* * * * *

## ਵਧਾਈ



ਸ਼੍ਰੀ ਸੰਜੀਵ ਸਿੰਘ ਸੈਣੀ, ਜਿਨ੍ਹਾ ਦੁਆਰਾ ਲਿਖੀ ਪੁਸਤਕ "ਕਿਸਾਨ ਅੰਦੋਲਨ" 18 ਮਾਰਚ 2021 ਨੂੰ ਰਿਲੀਜ਼ ਹੋਈ ਹੈ। ਆਪ ਵਲੋਂ ਭਖਦੇ ਸਮਾਜਿਕ ਮਸਲਿਆਂ ਅਤੇ ਆਮ ਗਿਆਨ ਬਾਰੇ ਲਿਖੇ ਲੇਖ ਅਖ਼ਬਾਰਾਂ ਵਿੱਚ ਛਪਦੇ ਰਹਿੰਦੇ ਹਨ।

## ਸੈਣੀ ਲਿਖਾਰੀ

**ਊਧਮ ਸਿੰਘ ਮੁਸਾਫਿਰ (ਗਿਆਨੀ)** (ਸਵ.); ਇਤਿਹਾਸਕਾਰ; # ਝਿੱਕਾ ਹਾਊਸ, ਗੁਰੂ ਹਰਗੋਬਿੰਦ ਨਗਰ, ਫਗਵਾੜਾ

**ਅਜਮੇਰ ਸਿੰਘ(ਡਾ.) ਵਾਰਤਾਕਾਰ;** ਪਿੰਡ-ਪੰਜੌੜ ਜ਼ਿਲ੍ਹਾ-ਹੁਸ਼ਿਆਰਪੁਰ, ਬੀ-12/5057 ਗੁਰੂ ਨਗਰ ਰੂਪਨਗਰ ਫੋਨ-9417602835

**ਅਜੀਤਕੰਵਲ ਸਿੰਘ ਹਮਦਰਦ(ਡਾ.);** ਕਵੀ; ਜਲੰਧਰ; # 1358, 28ਬੀ, ਚੰਡੀਗੜ੍ਹ ਫੋਨ-9780036266

**ਅਜੀਤ ਸੈਣੀ(ਸਵ.) ;** ਕਹਾਣੀਕਾਰ; ਪਿੰਡ ਮੂਣਕ, ਜ਼ਿਲ੍ਹਾ ਹੁਸ਼ਿਆਰਪੁਰ; # 7 ਏ ਜਵਾਹਰ ਨਗਰ ਜਲੰਧਰ

**ਅਮਰੀਕ ਹਮਰਾਜ਼ ;** ਕਵੀ: ਪਿੰਡ-ਬਗਵਾਈਂ, ਤਹਿ. ਗੜ੍ਹਸ਼ੰਕਰ, ਜ਼ਿਲ੍ਹਾ- ਹੁਸ਼ਿਆਰਪੁਰ, ਫੋਨ 9417341848

**ਅਮਰ ਸਿੰਘ ਸੈਣੀ; ਵਾਰਤਾਕਾਰ;** ਪਿੰਡ-ਦੁਬੁਰਜੀ; ਡਾ.ਮਰਾੜਾ; ਜ਼ਿਲ੍ਹਾ-ਗੁਰਦਾਸਪੁਰ; ਫੋਨ-9855942881

**ਅਮਰਜੀਤ ਕੌਰ; ਕਵਿੱਤਰੀ (ਹਿੰਦੀ);** ਪਿੰਡ-ਜੈਨਪੁਰ; ਜ਼ਿਲ੍ਹਾ-ਹੁਸ਼ਿਆਰਪੁਰ; # ਬਾ; ਫਿਜ਼ੀ

**ਅਵਤਾਰ ਸਿੰਘ ਮਹਿਤਪੁਰੀ ;** ਕਹਾਣੀਕਾਰ ; #1389, 44ਬੀ ਚੰਡੀਗੜ੍ਹ ਫੋਨ-9316133498,

**ਇਕਬਾਲ ਸਿੰਘ 'ਲਾਲਪੁਰਾ';** ਵਾਰਤਾਕਾਰ; # ਪਿੰਡ-ਕਲਵਾਂ; ਜ਼ਿਲ੍ਹਾ-ਰੂਪਨਗਰ ਫੋਨ-9780003333

**ਈਸ਼ਰ ਸਿੰਘ ਮੋਮਨ;** ਕਵੀ; ਪਿੰਡ-ਲੰਗੜੋਆ; ਜ਼ਿਲ੍ਹਾ- ਨਵਾਂਸ਼ਹਿਰ; # ਸੈਨਹੋਜ਼ੇ; ਕੈਲੇਫੋਰਨੀਆਂ; ਯੂ.ਐਸ.ਏ.

**ਸਤਵੰਤ ਕੌਰ ਕਲੋਟੀ;** ਵਾਰਤਾਕਾਰ; ਪਿੰਡ-ਮਸੀਤੀ, # ਕੈਨਾਲ ਕਾਲੋਨੀ ਰੋਡ ਹੁਸ਼ਿਆਰਪੁਰ ਫੋਨ-9501198881

**ਸੁੱਚਾ ਸਿੰਘ;(ਸਵ.) ;** ਵਾਰਤਾਕਾਰ; ਪਿੰਡ-ਲਸਾੜਾ; ਜ਼ਿਲ੍ਹਾ-ਜਲੰਧਰ; # ਕੈਨੇਡਾ

**ਸੁਖਵਿੰਦਰ ਸਿੰਘ ਮਨੌਲੀ;** ਖੇਡ ਵਾਰਤਾਕਾਰ(ਪੱਤਰਕਾਰ);# 864,ਸੈਕ.65 ਮੋਹਾਲੀ ਫੋਨ-9417182993

**ਸੁਰਜੀਤ ਸਿੰਘ ਨਨੂਆਂ;** ਵਾਰਤਾਕਾਰ; ਪਿੰਡ ਗੁਰਦਿੱਤਪੁਰਾ( ਨੱਤਿਆਂ) ਜ਼ਿਲ੍ਹਾ ਪਟਿਆਲਾ;#ਮਿਲਪਿਟਸ,ਯੂ.ਐਸ.ਏ.

**ਸੁਰਿੰਦਰ ਸੈਣੀ; ਕਵੀ;** ਪਿੰਡ-ਖਡਿਆਲਾ ਸੈਣੀਆਂ;ਜ਼ਿਲ੍ਹਾ-ਹੁਸ਼ਿਆਰਪੁਰ;#ਰਣਜੀਤ ਐਵੇਨਿਊ,ਰੂਪਨਗਰ; 9501073600

**ਸੀਤਲ ਸਿੰਘ ਸੈਣੀ;** ਕਵੀ; ਪਿੰਡ-ਲਸਾੜਾ; ਜ਼ਿਲ੍ਹਾ-ਜਲੰਧਰ; # ਭਾਈ ਰਣਧੀਰ ਸਿੰਘ ਨਗਰ,ਲੁਧਿਆਣਾ; ਫੋਨ-9417930108

**ਸਤਨਾਮ ਸਿੰਘ ਮਾਣਕ;( ਪੱਤਰਕਾਰ);** ਪਿੰਡ-ਲਸਾੜਾ; ਜ਼ਿਲ੍ਹਾ-ਜਲੰਧਰ # ਨਿਊ ਗੁਰੂ ਤੇਗ ਬਹਾਦਰ ਨਗਰ, ਜਲੰਧਰ;ਫੋਨ-9872621741

**ਸਵਰਨ ਸਿੰਘ( ਡਾ.);** ਸਵ. ; ਵਾਰਤਾਕਾਰ; ਪਿੰਡ-ਭਿਉਰਾ; ਜ਼ਿਲ੍ਹਾ-ਰੂਪਨਗਰ; # ਦਿੱਲੀ;

**ਸਾਧੂ ਸਿੰਘ ਹਮਦਰਦ(ਸਵ.);** ਕਵੀ ਅਤੇ ਪੱਤਰਕਾਰ, # ਅਜੀਤ ਪਬਲੀਕੇਸ਼ਨ ,ਜਲੰਧਰ

**ਸੁਰਿੰਦਰ ਸਿੰਘ ਪਾਮਾ;** ਵਾਰਤਾਕਾਰ; ਪਿੰਡ-ਗੁਨੋਪੁਰ; ਜ਼ਿਲ੍ਹਾ-ਗੁਰਦਾਸਪੁਰ; # 165,ਮੌਰਟਨਵੇਅ; ਬਰਾਂਪਟਨ, ਕੈਨੇਡਾ-7837471454;

**ਸੁਖਜਿੰਦਰ ਸਿੰਘ;** ਵਾਰਤਾਕਾਰ; ਪਿੰਡ- ਭਰੋਮਾਜਰਾ; ਜ਼ਿਲ੍ਹਾ-ਰੂਪਨਗਰ # ਗਿਲਕੋ ਵੈਲੀ; ਰੁਪਨਗਰ; ਫੋਨ-9815966195

**ਸੁਰਿੰਦਰ ਸਿੰਘ 'ਕਰਮ';** ਵਾਰਤਾਕਾਰ; ਪਿੰਡ-ਲਧਾਣਾ(ਝਿੱਕਾ); ਜ਼ਿਲ੍ਹਾ-ਨਵਾਂਸ਼ਹਿਰ; ਫੋਨ-01823-281444

**ਸੰਤੋਖ ਸਿੰਘ ਸੈਣੀ;** ਵਿਗਿਆਨੀ ਵਾਰਤਾਕਾਰ; ਪਿੰਡ-ਬੋਹਣ; ਜ਼ਿਲ੍ਹਾ-ਹੁਸ਼ਿਆਰਪੁਰ; ਜਲੰਧਰ

**ਸ਼ਿਵ ਲਾਲ ਸੈਣੀ (ਚੌਧਰੀ);** ਸਵ.; ਵਾਰਤਾਕਾਰ; ਪਿੰਡ-ਬਕਰਵਾਲ, ਤਹਿ.ਸ਼ਕਰਗੜ੍ਹ (ਪਾਕਿਸਤਾਨ)

**ਹਜ਼ਾਰਾ ਸਿੰਘ( ਡੀ.ਲਿਟ.)** ਸਵ.2014 ਵਾਰਤਾਕਾਰ; ਪਿੰਡ-ਗੀਗਨਵਾਲ; ਜ਼ਿਲ੍ਹਾ-ਜਲੰਧਰ; #ਸ਼ਹੀਦ ਊਧਮ ਸਿੰਘ ਨਗਰ ਲੁਧਿਆਣਾ

**ਹਰਜੀਤ ਲਸਾੜਾ;** ਪਿੰਡ-ਲਸਾੜਾ: ਜ਼ਿਲ੍ਹਾ-ਜਲੰਧਰ # ਕੁਈਨਜ਼ਲੈਂਡ, ਅਸਟ੍ਰੇਲੀਆ,

**ਹਰਚਰਨ ਸਿੰਘ(ਡਾ.)** ਸਵ.; ਨਾਟਕਕਾਰ; ਪਿੰਡ-ਉੜਾਪੜ;ਜ਼ਿਲ੍ਹਾ-ਨਵਾਂਸ਼ਹਿਰ; # ਚੰਡੀਗੜ੍ਹ/ਯੂ.ਐਸ.ਏ.

**ਹਰਬੰਸ ਸਿੰਘ;** ਵਾਰਤਾਕਾਰ; ਪਿੰਡ-ਖੁਆਸਪੁਰਾ; ਜ਼ਿਲ੍ਹਾ-ਰੁਪਨਗਰ; # ਸੋਮਰਵਿਲਾ, ਫੋਨ-6177085071

**ਹਰੇਸ਼ ਕੁਮਾਰ; ਵਾਰਤਾਕਾਰ;** # ਪਠਾਨਕੋਟ; ਫੋਨ-9478597326

**ਕਰਤਾਰ ਸਿੰਘ ਚਰਖਾ(ਸਵ.);** ਕਵੀ; ਪਿੰਡ-ਲੰਗੜੋਆ; ਜ਼ਿਲ੍ਹਾ-ਨਵਾਂਸ਼ਹਿਰ; ਫੋਨ-(ਸ. ਮੋਹਣ ਸਿੰਘ)-9814288480

**ਕਮਲਜੀਤ ਸਿੰਘ ਬਣਵੈਤ;** ਵਾਰਤਾਕਾਰ; ਪਿੰਡ-ਉੜਾਪੜ; ਜ਼ਿਲ੍ਹਾ-ਨਵਾਂਸ਼ਹਿਰ; # ਪੰਜਾਬੀ ਟ੍ਰਿਬਿਊਨ ਚੰਡੀਗੜ੍ਹ; ਫੋਨ-9814734035

**ਕਾਬਲ ਸਿੰਘ ਧਨੋਤਾ;** ਇਤਿਹਾਸਕਾਰ ਤੇ ਕਵੀ; ਪਿੰਡ-ਫਤਹਿਪੁਰ(ਦੁਸੜਕਾ); ਜ਼ਿਲ੍ਹਾ-ਹੁਸ਼ਿਆਰਪੁਰ; # ਸਨਹੋਜ਼ੇ; ਕੈਲੇਫੋਰਨੀਆਂ; ਯੂ.ਐਸ.ਏ.

**ਕੁਲਵੰਤ ਕੌਰ(ਡਾ.);** ਵਾਰਤਾਕਾਰ;ਪਿੰਡ-ਉੜਾਪੜ,ਜ਼ਿਲ੍ਹਾ-ਨਵਾਂਸ਼ਹਿਰ;#20,ਨਿਊ ਮਿਹਰ ਸਿੰਘ ਕਲੋਨੀ ਪਟਿਆਲਾ,ਫੋਨ-9815620515;

**ਕੇਵਲ ਕਲੋਟੀ;** ਵਾਰਤਾਕਾਰ; ਪਿੰਡ-ਮਸੀਤ ਪਲਕੋਟ; ਜ਼ਿਲ੍ਹਾ-ਹੁਸ਼ਿਆਰਪੁਰ; # ਉੜਮੁੜ ਟਾਂਡਾ; ਫੋਨ-9814604683

ਕੁਲਵੀਰ ਸਿੰਘ ਸੈਣੀ; ਕਵੀ ਅਤੇ ਗਾਇਕ; # 2750, ਸੈਕ. 70ਏ, ਚੰਡੀਗੜ੍ਹ; ਫੋਨ-9815162299

**ਗੁਰਬਚਨ ਸਿੰਘ 'ਬਚਨ'(ਡਾ.);** ਵਾਰਤਾਕਾਰ; ਪਿੰਡ-ਖੁੱਡਾ; ਜ਼ਿਲ੍ਹਾ-ਹੁਸ਼ਿਆਰਪੁਰ; # ਅੰਮ੍ਰਿਤਸਰ, ਫੋਨ-9814704945

**ਗੁਰਬਖਸ਼ ਸਿੰਘ ਸੈਣੀ;** ਕਵੀ; # 1365, ਸੈਕ.15, ਪੰਚਕੂਲਾ (ਹਰਿਆਣਾ); ਫੋਨ-9888024143


**ਗੁਰਬਿੰਦਰ ਸਿੰਘ ਮਾਣਕ;** ਵਾਰਤਾਕਾਰ; ਪਿੰਡ-ਖਰਲ ਕਲਾਂ; ਡਾ. ਚਲਾਂਗ; ਜ਼ਿਲ੍ਹਾ-ਜਲੰਧਰ; ਫੋਨ-9815356086

ਬਾਕੀ ਸਫ਼ਾ 40 'ਤੇ....

## ਸ਼ਰਧਾਂਜਲੀ



**ਸ਼੍ਰੀਮਤੀ ਸਤਨਾਮ ਕੌਰ** ਪਤਨੀ ਸ. ਪ੍ਰਿਤਪਾਲ ਸਿੰਘ ਵਾਸੀ ਗਾਂਧੀ ਨਗਰ ਰੂਪਨਗਰ 24 ਜਨਵਰੀ, 2021 ਨੂੰ ਅਕਾਲਚਲਾਣਾ ਕਰ ਗਏ ਹਨ। ਆਪ ਨੇ ਲੰਬਾ ਸਮਾਂ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਅਧਿਆਪਕਾ ਵਜੋਂ ਇਮਾਨਦਾਰੀ ਤੇ ਮਿਹਨਤ ਨਾਲ ਸੇਵਾ ਨਿਭਾਈ। ਆਪ ਗੁਰਮਤਿ ਦੇ ਪੱਕੇ ਧਾਰਨੀ ਅਤੇ ਸੁਹਿਰਦ ਸਮਾਜਸੇਵੀ ਸਨ। ਸ. ਪ੍ਰਿਤਪਾਲ ਸਿੰਘ ਨੇ ਕਈ ਸਾਲਾਂ ਤੱਕ ਸੈਣੀ ਭਵਨ ਦੇ ਮੈਨੇਜਰ ਵਜੋਂ ਸੇਵਾ ਕੀਤੀ ਹੈ।



**ਸ. ਅਜਮੇਰ ਸਿੰਘ ਧਮੜੈਤ** ਵਾਸੀ ਦਸਮੇਸ਼ ਨਗਰ ਰੂਪਨਗਰ, ਮਿਤੀ 27 ਜਨਵਰੀ, 2021 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਆਪ ਨੇ ਕਈ ਸਾਲਾਂ ਤੱਕ ਸੈਣੀ ਭਵਨ ਵਿਖੇ ਮੈਗਜ਼ੀਨ ਸੈਣੀ ਸੰਸਾਰ ਦੇ ਸਰਕੁਲੇਸ਼ਨ ਮੈਨੇਜਰ ਵਜੋਂ ਬਹੁਤ ਨਿਹਚਾ ਨਾਲ ਸੇਵਾ ਨਿਭਾਈ। ਆਪ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਤੋਂ ਦਫਤਰੀ ਸੁਪਰਡੈਂਟ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਉਪਰੰਤ ਸੈਣੀ ਭਵਨ ਵਿੱਚ ਸਮਾਜਭਲਾਈ ਕੰਮ ਕਰਦੇ ਰਹੇ।



**ਇੰਜ. ਮਨਪ੍ਰੀਤ ਸਿੰਘ** ਪੁੱਤਰ ਡਾ.ਹਰਚਰਨ ਦਾਸ ਸੈਰ ਵਾਸੀ ਰੂਪਨਗਰ ਮਿਤੀ 3 ਫਰਬਰੀ, 2021 ਨੂੰ ਭਰ ਜੋਬਨ ਵਿਛੋੜਾ ਦੇ ਗਏ ਹਨ। ਆਪ ਆਪਣੇ ਮਾਂਬਾਪ ਦੇ ਇਕਲੌਤੇ ਬੇਟੇ ਅਤੇ ਦੋ ਛੋਟੀਆਂ ਛੋਟੀਆਂ ਬੱਚੀਆਂ ਦੇ ਬਾਪ ਸਨ। ਮਨਪ੍ਰੀਤ ਸਿੰਘ ਬਹੁਤ ਹੀ ਮਿਲਣਸਾਰ ਤੇ ਹਸਮੁਖ ਸਖਸ਼ੀਅਤ ਦਾ ਮਾਲਕ ਸੀ ਜਿਸ ਨੇ ਬਹੁਤ ਛੋਟੀ ਉਮਰ ਵਿੱਚ ਹੀ ਆਪਣੇ ਨਜ਼ਦੀਕੀਆਂ ਦੇ ਦਿਲ ਜਿੱਤ ਲਏ ਸਨ। ਆਪ ਦੇ ਬੇਮੌਕਾ ਵਿਛੋੜੇ ਨੇ ਪਰਿਵਾਰ ਤੇ ਸਮਾਜ ਨੂੰ ਝੰਜੋੜ ਕੇ ਰਖ ਦਿੱਤਾ ਹੈ। ਡਾ. ਹਰਚਰਨ ਦਾਸ ਸਿੱਖਿਆ ਵਿਭਾਗ 'ਚੋਂ ਜ਼ਿਲ੍ਹਾ ਸਿੱਖਿਆ ਅਫਸਰ ਸੇਵਾਮੁਕਤ ਹੋਏ ਹਨ ਅਤੇ ਸੈਣੀ ਭਵਨ ਰਾਹੀਂ ਸਮਾਜਸੇਵਾ ਕਰਦੇ ਹਨ।



**ਸ.ਦੀਪਇੰਦਰ ਸਿੰਘ** ਪੁੱਤਰ ਸ. ਕੁਲਦੀਪ ਸਿੰਘ ਵਾਸੀ ਕੀਰਤਪੁਰ ਸਾਹਿਬ 22 ਫਰਬਰੀ, 2021 ਨੂੰ ਜੋਬਨ ਰੁੱਤੇ ਅਕਾਲਚਲਾਣਾ ਕਰ ਗਏ ਹਨ। ਆਪ ਬੱਦੀ ਵਿਖੇ ਦਵਾਈਆਂ ਬਣਾਉਣ ਦੀ ਕੰਪਨੀ ਵਿੱਚ ਯੂਨਿਟ ਹੈਡ ਵਜੋਂ ਤਾਇਨਾਤ ਸਨ। ਆਪ ਅਤਿ ਦਰਜੇ ਦੇ ਖੁਸ਼ਤਬੀਅਤ ਤੇ ਮਦਦਗਾਰ ਸਖਸ਼ੀਅਤ ਵਾਲੇ ਅਗਾਂਹਵਧੂ ਨੌਜਵਾਨ ਸਨ। ਆਪ ਦੀ ਮੌਤ ਬਹੁਤ ਹੀ ਅਚੰਭੇਵਾਲੀ ਤੇ ਦੁਖਦਾਈ ਹੈ। ਆਪ ਇੱਕ ਹੀ ਦੋ ਸਾਲ ਦੇ ਬੇਟੇ ਦੇ ਪਿਆਰੇ ਬਾਪ ਸਨ। ਸ. ਕੁਲਦੀਪ ਸਿੰਘ ਨੇ ਲੰਬੇ ਸਮੇਂ ਤੱਕ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਸਹਾਇਕ ਸਿੱਖਿਆ ਅਫਸਰ(ਖੇਡਾਂ) ਵਜੋਂ ਸੇਵਾ ਨਿਭਾਈ ਅਤੇ ਸਕੂਲ ਮੁਖੀ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ।

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਇਨ੍ਹਾਂ ਵਿਛੜੀਆਂ ਰੂਹਾਂ ਸੱਜਣਾ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਨ ਅਤੇ ਇਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਨ।



**ਸ. ਮਹਿੰਦਰ ਸਿੰਘ ਪਰਵਾਨਾ** ਵਾਸੀ ਹੁਸ਼ਿਆਰਪੁਰ, ਜੋ ਕਿ ਸਿੱਖਿਆ ਵਿਭਾਗ ਤੋਂ ਲੈਕਚਰਾਰ ਵਜੋਂ ਸੇਵਾਮੁਕਤ ਹੋਏ ਸਨ, 16 ਮਾਰਚ 2021 ਨੂੰ ਅਕਾਲ ਚਲਾਣਾ ਕਰ ਗਏ ਹਨ। ਸ. ਮਹਿੰਦਰ ਸਿੰਘ ਪਰਵਾਨਾ ਟਰੇਡ ਯੂਨੀਅਨ ਆਗੂ ਸਨ ਅਤੇ ਆਖਰੀ ਸਮੇਂ ਤੱਕ ਪੰਜਾਬ ਸਟੇਟ ਪੈਨਸ਼ਨਰਜ਼ ਫੈਡਰੇਸ਼ਨ ਦੇ ਸੂਬਾਈ ਚੇਅਰਮੈਨ ਰਹੇ।

❋ ❋ ❋ ❋ ❋

## ਉਹ ਭੋਲ਼ਾ ਨਹੀਂ

* ਕਰਤਾਰ ਸਿੰਘ 'ਚਰਖਾ'

ਭਾਵੇਂ ਮਣਕੇ 'ਤੇ ਮਣਕਾ ਛੱਡੀ ਜਾਹ,
ਭਾਵੇਂ ਕਿਤਨੀ ਸਮਾਧੀ ਗੱਡੀ ਜਾਹ,
ਭਾਵੇਂ ਮੰਦਰਾਂ 'ਚ ਝੋਲੀ ਅੱਡੀ ਜਾਹ,
ਕੱਛ ਕੜੇ ਨਾ ਧੋਤੀ ਵਾਲੇ ਨੂੰ।
ਉਹ ਭੋਲ਼ਾ ਨਹੀਂ..........।

ਭਾਵੇਂ ਕਿਤਨੇ ਸ਼ਿੰਗਾਰ ਲਗਾਈ ਜਾਹ,
ਕੰਨ ਪਾੜ ਕੇ ਮੁੰਦਰਾਂ ਪਾਈ ਜਾਹ,
ਭਾਵੇਂ ਧੁੱਪ ਵਿੱਚ ਧੂਣੀਆਂ ਤਾਈ ਜਾਹ,
ਭਾਵੇਂ ਝੱਲ ਲੈ ਪੋਹ ਦੇ ਪਾਲ਼ੇ ਨੂੰ।
ਉਹ ਭੋਲ਼ਾ ਨਹੀਂ.............।

ਭਾਵੇਂ ਮਾਰ ਅਵਾਜ਼ਾਂ ਜ਼ੋਰ ਦੀਆਂ,
ਭਾਵੇਂ ਕਬਰਾਂ ਪੱਟ ਲੈ ਗੋਰ ਦੀਆਂ,
ਸਭ ਗੱਲਾਂ ਜਾਣੇ ਚੋਰ ਦੀਆਂ,
ਨਾ ਮਿਲਦਾ ਦਿਲ ਦੇ ਕਾਲ਼ੇ ਨੂੰ।
ਉਹ ਭੋਲ਼ਾ ਨਹੀਂ............।

ਜਿਹੜਾ ਧੰਨੇ ਵਰਗਾ ਹੋ ਜਾਂਦਾ,
ਉਹਦੀ ਗਾਧੀ 'ਤੇ ਆਣ ਖੜੋ ਜਾਂਦਾ,
ਜੀਹਦੇ 'ਚਰਖਿਆ' ਬੂਹੇ ਢੋ ਜਾਂਦਾ,
ਸਕੇ ਕੌਣ ਤੋੜ ਉਸ ਤਾਲੇ ਨੂੰ।
ਉਹ ਭੋਲ਼ਾ ਨਹੀਂ..........।

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



ਮੈਗਜ਼ੀਨ 'ਸੈਣੀ ਸੰਸਾਰ' ਦਾ 39ਵਾਂ ਅੰਕ ਲੋਕਅਰਪਣ ਕਰਦੇ ਹੋਏ ਡਿਪਟੀ ਕਮਿਸ਼ਨਰ ਸ਼੍ਰੀਮਤੀ ਸੋਨਾਲੀ ਗਿਰੀ ਅਤੇ ਮੁੱਖ ਇੰਜ: ਸਤਵਿੰਦਰ ਸਿੰਘ ਸੈਣੀ



ਡਿਪਟੀ ਕਮਿਸ਼ਨਰ ਸ਼੍ਰੀਮਤੀ ਸੋਨਾਲੀ ਗਿਰੀ, IIT ਰੁੜਕੀ ਵਿੱਚ ਪੀ.ਐੱਚ. ਡੀ. ਕਰ ਰਹੇ ਵਿਦਿਆਰਥੀ ਸਰਵੇਸ਼ ਸੈਣੀ ਨੂੰ ਵਜ਼ੀਫੇ ਦਾ 3 ਲੱਖ ਰੁ: ਦਾ ਚੈੱਕ ਭੇਂਟ ਕਰਦੇ ਹੋਏ।



15ਵੇਂ ਖੂਨ ਦਾਨ ਕੈਂਪ ਵਿੱਚ ਡਿਪਟੀ ਕਮਿਸ਼ਨਰ ਸ਼੍ਰੀਮਤੀ ਸੋਨਾਲੀ ਗਿਰੀ ਖੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ।



ਸੈਣੀ ਭਵਨ ਵਿਖੇ ਨਵੇਂ ਕਿਸਾਨੀ ਕਾਨੂੰਨਾਂ ਸਬੰਧੀ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਉੱਘੇ ਅਰਥ ਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ